**International Journal of Applied Research 2016; 2(5): 44-49**




**ISSN Print:** 2394-7500
**ISSN Online:** 2394-5869
**Impact Factor:** 5.2
IJAR 2016; 2(5): 44-49
www.allresearchjournal.com
Received: 10-03-2016
Accepted 11-04-2016

**ਆਨੰਦ ਵਰਧਨ**
ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ, ਪੰਜਾਬ, ਭਾਰਤ

**Correspondence**
**ਆਨੰਦ ਵਰਧਨ**
ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ, ਪੰਜਾਬ, ਭਾਰਤ

# ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਵਿਚਲੀ ਪ੍ਰਗਤੀਸ਼ੀਲਤਾ ਤੇ ਪ੍ਰੀਤਮ ਸਿੰਘ ਸਫੀਰ ਦੀ ਕਵਿਤਾ ਵਿਚਲਾ ਮਾਨਵਵਾਦ

**ਆਨੰਦ ਵਰਧਨ**

**ਸਾਰੰਸ਼:** ਭਾਵੇਂ ਪ੍ਰਯੋਗਵਾਦੀ ਲਹਿਰ ਵਧੇਰੇ ਤੌਰ ਤੇ ਪ੍ਰਗਤੀਵਾਦੀ ਲਹਿਰ ਦੇ ਪ੍ਰਤੀਕਰਮ ਵਜੋਂ ਹੋਂਦ ਵਿੱਚ ਆਈ ਫੇਰ ਵੀ ਕਈ ਪ੍ਰਯੋਗਵਾਦੀ ਕਵੀ ਪ੍ਰਗਤੀਵਾਦੀ ਵਿਚਾਰ ਵੀ ਪ੍ਰਗਟਾਉਂਦੇ ਹਨ। ਉਰਦੂ ਵਿੱਚ ਅਲੀ ਸਰਦਾਰ ਜਾਫਰੀ ਅਤੇ ਹਿੰਦੀ ਵਿੱਚ ਗਜਾਮਨ ਮਾਧਵ ਮੁਕਤੀਬੋਧ ਨੇ ਨਵੇਂ ਨਵੇਂ ਪ੍ਰਯੋਗਵਾਦੀ ਰੂਪਾਂ ਰਾਹੀਂ ਆਪਣੇ ਵਿਚਾਰ ਪੇਸ਼ ਕੀਤੇ ਹਨ। ਕਿਉਂ ਜ਼ੋ ਅੰਮ੍ਰਿਤਾ ਪ੍ਰੀਤਮ ਪ੍ਰਗਤੀਵਾਦ ਵੱਲੋਂ ਆਈ ਹੈ ਇਸ ਲਈ ਉਹ ਹਾਲੀਂ ਆਪਣੇ ਭੂਤ-ਪੂਰਵ ਸੰਸਕਾਰਾਂ (ਪ੍ਰਗਤੀਵਾਦੀ ਸੰਸਕਾਰਾਂ) ਤੋਂ ਪੂਰਣ ਤੌਰ ਤੇ ਮੁਕਤ ਨਹੀਂ ਹੋ ਸਕੀ ਕੁੱਝ ਸਮੇਂ ਦੀਆਂ ਹਾਲਤਾਂ ਅਤੇ ਲੋੜਾਂ ਵੀ ਅਜਿਹੀਆਂ ਹਨ ਕਿ ਉਹ ਆਪਣੀ ਕਵਿਤਾਵਾਂ ਵਿੱਚ ਕਿਤੇ ਕਿਤੇ ਪ੍ਰਗਤੀਵਾਦੀ ਵਿਚਾਰ ਪ੍ਰਗਟ ਕਰ ਹੀ ਜਾਦੀ ਹੈ। ਅਸਲ ਵਿੱਚ ਪ੍ਰਗਤੀਵਾਦ ਸਾਹਿਤਕਾਰ ਬਣਨ ਦਾ ਰਸਤਾ ਬੜਾ ਕਸ਼ਟਾਂ ਭਰਿਆ ਹੈ। ਇਸ ਰਾਹ ਉੱਤ ਲਣ ਵਲੇ ਬਾਵਾ ਬਲਵੰਤ ਵਰਗੇ ਵੀਰ ਬਹੁ ਘੱਟ ਹਨ। ਅੰਮ੍ਰਿਤਾ ਪਤਮ ਅਤੇ ਬਲਵੰਤ ਗਾਰਗੀ ਵਰਗੇ ਸਾਹਿਤਕਾਰ ਸੌਖਾ ਰਸਤਾ ਅਪਣਾਉਂਦੇ ਹਨ। ਪ੍ਰੀਤਮ ਸਿੰਘ ਸਫੀਰ ਮਨੁੱਖਤਾ ਦਾ ਕਵੀ ਹੈ। ਇਨਸਾਨੀਅਤ, ਮਾਨਵਤਾ, ਮਨੁੱਖ ਭਲਾਈ ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਦਾ ਸੋਮਾ ਹੈ। ਮਾਨਵਤਾ ਦੇ ਪ੍ਰਤੀ ਸੁਹਿਰਦਤਾ ਤੇ ਇਹ ਜ਼ਜਬਾ ਉਸ ਦੀ ਸਾਰੀ ਕਾਵਿ ਰਚਨਾ ਵਿੱਚ ਵਿਆਪਕ ਤੌਰ ਤੇ ਰਚਿਆ-ਮਿਚਿਆ ਹੈ। ਧਾਰਮਿਕ ਜ਼ਜਬੇ, ਰਹੱਸਵਾਦੀ ਅਭਿਵਿਅਕਤੀ, ਵਿਅਕਤੀ-ਪੂਜਕ ਰੁਚੀ, ਪਿਆਰ ਤੇ ਰਮਾਂਸ, ਬੌਧਿਕ ਨਿਰੀਖਣ ਤੇ ਦਾਰਸ਼ਨਿਕ ਦ੍ਰਿਸ਼ਟੀਕੋਣ ਦੇ ਨਾਲ ਨਾਲ ਸਫੀਰ ਦੀਆਂ ਮਨੁੱਖ ਤੇ ਮਨੁੱਖੀ ਸਮਾਜ ਵੱਲ ਉਚ-ਭਾਵੀ ਕੀਮਤਾਂ ਅਤੇ ਅੰਤਰਰਾਸ਼ਟਰੀ ਉਦਾਰਤਾਵਾਦੀ ਦ੍ਰਿਸ਼ਟੀ ਹਰ ਥਾਂ ਪ੍ਰਬਲ ਹੈ। 'ਕੱਤਕ-ਕੂੰਜਾਂ' ਦੇ ਮੁੱਢਲੇ ਪੜਾ ਤੋਂ ਲੈ ਕੇ 'ਸਰਬ ਕਲਾ' ਦੀ ਕਾਵਿ ਰਚਨਾ ਤੱਕ ਸਫੀਰ ਮਨੁੱਖ ਨੂੰ ਇਕ ਆਜ਼ਾਦ ਹਸਤੀ ਦੇ ਪ੍ਰਸੰਗ ਵਿੱਚ ਅਤੇ ਇਕ ਸਮਾਜਕ ਅੰਗ ਦੇ ਰਿਸ਼ਤੇ ਵਜੋਂ ਭਲੀ ਭਾਂਤ ਵਿਚਾਰਦਾ ਆਇਆ ਹੈ।

**ਮੁੱਖ ਸਬਦ:** ਪ੍ਰਯੋਗਵਾਦੀ, ਪ੍ਰਗਤੀਸ਼ੀਲਤਾ, ਸ਼ੈਲੀ, ਪੂੰਜੀਵਾਦੀ, ਮਾਨਵਵਾਦ, ਸਮਾਜਵਾਦ, ਯਥਾਰਥ, ਆਦਿ

ਕੁਝ ਅਜਿਹੀ ਹੀ ਸਥਿਤੀ ਅੱਜ ਕੱਲ੍ਹ ਭਾਰਤ ਵਿੱਚ ਵੀ ਹੈ। ਇਸੇ ਲਈ ਚੰਗੇ ਸਾਹਿਤ ਦੇ ਨਾਲ ਨਾਲ ਲੱਚਰ ਸਾਹਿਤ ਵੀ ਪਣਪ ਰਿਹਾ ਹੈ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਅਤੇ ਗਲਪ ਰਚਨਾ ਆਦਿ ਵਿਚੋਂ ਪਹਿਲੇ ਰਸਤੇ ਦੇ ਝਲਕਾਰੇ ਹੀ ਮਿਲਦੇ ਹਨ। ਉਸ ਨੇ ਇਕ ਚੰਗਾ ਰਸਤਾ ਛੱਡ ਕੇ-ਇਕ ਗ਼ਲਤ ਰਸਤਾ ਚੁਣਿਆ ਹੈ ਅਤੇ ਹੁਣ ਆਪਣੀ defection ਨੂੰ justify ਕਰਨ ਲਈ ਉਸ ਚੰਗੇ ਰਸਤੇ ਨੂੰ ਮੰਦਾ ਆਖਦੀ ਹੈ। ਅਸਲ ਵਿੱਚ "ਸੁਨੇਹੜੇ" ਦੀ ਕਵਿਤਾ ਹੀ ਉਸਦੇ ਪ੍ਰਗਤੀਵਾਦੀ ਕਾਵਿ ਦੀ ਸਿਖਰ ਹੈ। ਮਨੁੱਖਤਾ ਦੇ ਭਵਿੱਖ ਬਾਰੇ ਨਿਰਾਸ਼ਾਵਾਦੀ ਵਿਅਕਤੀ ਨੂੰ ਕੋਈ ਵੀ ਅਗਾਂਹ-ਵਧੂ ਜਾਂ ਪ੍ਰਗਤੀਸ਼ੀਲ ਨਹੀਂ ਆਖ ਸਕਦਾ।

ਪ੍ਰਗਤੀਵਾਦੀ ਕਵੀ ਕਾਮਿਆਂ ਕਿਸਾਨਾਂ ਅਤੇ ਹੋਰ ਸ਼ੋਸ਼ਿਤ ਵਰਗਾਂ ਨਾਲ ਹਮਦਰਦੀ ਰੱਖਦੇ ਅਤੇ ਉਨ੍ਹਾਂ ਦੇ ਹਿੱਤਾਂ ਦੀ ਗੱਲ ਕਰਦੇ ਹਨ। ਉਹ ਫਿਰਕੂ ਕੱਟੜਤਾ ਅਤੇ ਧਰਮ-ਅੰਧਤਾ ਦਾ ਵਿਰੋਧ ਕਰਦੇ ਹਨ ਅਤੇ ਅੰਤਰਰਾਸ਼ਟਰਵਾਦੀ ਦ੍ਰਿਸ਼ਟੀਕੋਣ ਦੇ ਮਾਲਿਕ ਹੁੰਦੇ ਹਨ। ਉਹ ਸਾਮਰਾਜਵਾਦ, ਮਨੁੱਖੀ ਲੁੱਟ ਖੋਹ ਅਤੇ ਯੁੱਧਾ ਦੇ ਵਿਰੁੱਧ ਬੋਲਦੇ ਹਨ ਅਤੇ ਪੂੰਜੀਵਾਦ ਸਮਾਜ ਅਤੇ ਉਸਦੇ ਵਿਸਤ੍ਰਿਤ ਭੈੜਾਂ ਉੱਤੇ ਵਿਅੰਗ ਕਰਕੇ ਪਾਠਕਾ ਦੇ ਮਨ ਵਿੱਚ ਸਰਮਾਏਦਾਰੀ ਨਿਜ਼ਾਮ ਦੇ ਖਿਲਾਫ ਨਫਰਤ ਦਾ ਜ਼ਜਬਾ ਉਭਾਰਦੇ ਹਨ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਵਿੱਚ ਕਿਤੇ ਕਿਤੇ ਅਗਾਂਹ-ਵਧੂ ਕਾਵਿ ਦੇ ਇਹ ਸਾਰੇ ਗੁਣ ਪਾਏ ਜਾਂਦੇ ਹਨ।

ਪੰਜਾਬੀ ਵਿੱਚ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਨੇ "ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ" ਆਖ ਕੇ ਮਨੁੱਖੀ ਅਧਿਕਾਰਾਂ ਦੀ ਲੁੱਟ ਖੋਹ ਕਰਨ ਵਾਲਿਆਂ ਦੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ ਸੀ। ਪ੍ਰਗਤੀਵਾਦੀ ਸਾਹਿਤਕਾਰਾਂ ਨੇ ਵੀ ਸ਼ੋਸ਼ਿਤਾਂ ਦੇ ਹੱਕਾਂ ਲਈ ਤਗੜਾ ਨਾਅਰਾ ਲਗਾਇਆ। ਅੰਮ੍ਰਿਤਾ ਪ੍ਰੀਤਮ ਨੇ 'ਹੱਕ ਜਿਨ੍ਹਾਂ ਦੇ

ਆਪਣੇ ਆਪ ਲੈਣਗੇ ਖੋਹ' ਤੱਕ ਕਹਿ ਦਿੱਤਾ ਸੀ।

ਹੱਕ ਸਮੇਂ ਦਾ ਸ਼ਾਹ ਅਸਵਾਰ ਹੋਵੇ
ਵਾਂਗ ਸਮੇਂ ਦੀ ਇੰਜ ਸੰਭਾਲਣਾ ਵੇ।
ਉਹ ''ਕਾਗਜ਼ ਤੇ ਕੈਨਵਸ'' ਵਿੱਚ ਵੀ ਲਿਖਦੀ ਹੈ-
ਸਰਗਮ ਹੈ ਸਾਡੇ ਇਸ਼ਕ ਦੀ
ਮਿਹਨਤ-ਕਸ਼ਾ ਦੇ ਇਸ਼ਕ ਦੀ
ਹੱਕ ਪੰਚਮ ਸੁਰ ਹੈ ਤੇ ਸਤਵਾਂ ਸੁਰ ਸੁਤੰਤਰਤਾ।

(15 ਅਗਸਤ-ਕਾਗਜ਼ ਤੇ ਕੈਨਵਸ)

''ਇਕ ਸੋਚ'' ਨਾਮਕ ਕਵਿਤਾ ਵਿੱਚ ਵੀ ਅੰਮ੍ਰਿਤਾ ਪ੍ਰੀਤਮ ਨੇ ਜੰਗ, ਜੰਗਬਾਜ਼ ਅਤੇ ਸ਼ੋਸ਼ਕਾਂ ਦੀ ਨਿਖੇਧੀ ਕੀਤੀ ਹੈ-

ਮਸਾਣ ਘਰਾਂ 'ਚੋਂ ਬੜੀਆਂ ਹਵਾੜ੍ਹਾਂ ਔਂਦੀਆਂ
ਤੇ ਸਮੁੰਦਰ ਪਾਰ ਬੈਠੇ-ਮਸਾਣ ਘਰਾਂ ਦੇ ਵਾਰਿਸ
ਬਾਰੂਦ ਦੀ ਹਵਾੜ੍ਹ ਨੂੰ ਸ਼ਰਾਬ ਦੀ ਹਵਾੜ ਵਿੱਚ ਭਿਉਂਦੇ ਹਨ
ਬਿਲਕੁਲ ਉਸ ਤਰ੍ਹਾਂ ਜਿਸ ਤਰ੍ਹਾਂ-
ਕਿ ਮਸਾਣ ਘਰਾਂ ਦੇ ਵਾਰਿਸ
ਭੁੱਖ ਦੀ ਹਵਾੜ੍ਹ ਨੂੰ ਤਕਦੀਰ ਦੀ ਹਵਾੜ੍ਹ ਵਿੱਚ ਭਿਉਂਦੇ ਹਨ।

ਉਪਰੋਕਤ ਸਤਰਾਂ ਉਸ ਦੀ ਡੂੰਘੀ ਸਮਾਜਕ ਅਤੇ ਰਾਜਨੀਤਕ ਸੂਝ ਦੀਆਂ ਸੂਚਕ ਹਨ। ਕਾਵਿ ਨੂੰ ਅਜੋਕੇ ਰਾਜ ਬਾਰੇ ਵੀ ਜਾਇਜ਼ ਸ਼ਿਕਾਇਤਾਂ ਹਨ। ਬੇਘਰੇ ਅਤੇ ਭਵਿੱਖ ਵਿੱਚ ਬੇਘਰ ਹੋਣ ਦੀ ਲੋਕਾਂ ਪ੍ਰਤੀ ਸਹਾਨੁਭੂਤੀ ਪ੍ਰਗਟ ਕਰਦੀ ਹੋਈ ਉਹ ਗ਼ਰੀਬਾਂ ਦੇ ਮੁਖੋਂ ਵਿਅੰਗ ਭਰੇ ਲਹਿਜੇ ਸਹਿਤ ਅਖਾਉਂਦੀ ਹੈ-

ਕੁਝ ਸੁਪਨਿਆਂ ਨੇ ਰਾਤ ਨੂੰ ਝੁੱਗੀਆਂ ਬਣਾਈਆਂ ਹਨ
ਇਹ ਝੁੱਗੀਆਂ ਉਠਾਓ, ਕਿਉਂਕਿ ਇਹ 'ਅਨ-ਆਥੋਰਾਈਜ਼ਡ' ਹਨ।

'ਭਾਸ਼ਣ' ਵਿੱਚ ਵੀ ਉਸਨੇ ਲੋਕਾਂ ਨਾਲ ਫੋਕੇ ਵਾਅਦੇ ਕਰਨ ਵਾਲੇ ਨੇਤਾਵਾਂ ਦੀ ਭੰਡੀ ਕੀਤੀ ਹੈ। ਇਹ ਹੀ ਗੱਲ 'ਰਾਜਨੀਤੀ' ਅਤੇ 'ਰਾਜਸੱਤਾ' ਨਾਮਕ ਕਵਿਤਾ ਬਾਰੇ ਆਖੀ ਜਾ ਸਕਦੀ ਹੈ।

ਇਹ ਪੂੰਜੀਵਾਦੀ ਸਮਾਜ ਦੇ ਭੈੜਾਂ ਨੂੰ ਚਿਤਰ ਕੇ ਅਗਾਂਹ-ਵਧੂ ਕਵੀ ਲੋਕਾਂ ਨੂੰ ਇਸ ਸਮਾਜ ਦੇ ਵਿਰੁੱਧ ਨਫਰਤ ਦਿਲਵਾਉਂਦੇ ਹਨ ਅਤੇ ਉਨ੍ਹਾਂ ਨੂੰ ਸ਼੍ਰੇਣੀ ਘੋਲ ਰਾਹੀਂ ਨਵੇਂ ਸਮਾਜਵਾਦੀ ਨਿਜ਼ਾਮ ਦੀ ਸਥਾਪਨਾ ਲਈ ਪ੍ਰੇਰਦੇ ਹਨ। ਹੁਣ ਅੰਮ੍ਰਿਤਾ ਪ੍ਰੀਤਮ ਨਿਰਾਸ਼ਾਵਾਦੀ ਹੋ ਚੁੱਕੀ ਹੈ, ਉਸ ਪਾਸ ਮਨੁੱਖਤਾ ਦੇ ਸੁਨਹਿਰੀ ਭਵਿੱਖ ਦਾ ਕੋਈ ਸੁਪਨਾ ਨਹੀਂ ਹੈ ਫੇਰ ਵੀ ਵਰਤਮਾਨ ਸਮਾਜ ਦੇ ਭੈੜਾਂ ਨੂੰ ਬੜੀ ਸ਼ਿੱਦਤ ਨਾਲ ਚਿਤਰਦੀ ਹੈ-

ਹਸਪਤਾਲ ਤੇ ਬੂਹੇ ਅੱਗੇ ਹੱਕ, ਸੱਚ, ਈਮਾਨ ਤੇ ਕਦਰਾਂ
ਕਿੰਨੇ ਲਫਜ਼ ਬੀਮਾਰ ਪਏ ਨੇ ਭੀੜ ਜਿਹੀ ਇਕ ਲੱਗ ਗਈ ਹੈ
ਖਬਰੇ ਕੋਈ ਲਿਖੇਗਾ ਨੁਸਖਾ ਖਬਰੇ ਨੁਸਖਾ ਲਗ ਜਾਏਗਾ
ਪਰ ਹਾਲੀ ਤਾਂ ਇੰਜ ਜਾਪਦਾ ਆਉਧ ਇਹਨਾਂ ਦੀ ਪੁੱਗ ਗਈ ਹੈ।

(ਇਕ ਸ਼ਹਿਰ-ਕਾਗਜ਼ ਤੇ ਕੈਨਵਸ)

ਇਸ ਸਮਾਜ ਵਿੱਚ ਗ਼ਰੀਬਾਂ ਦੀਆਂ ਥੁੜਾਂ, ਲਾਵਾਰਿਸ ਜੀਵਨ ਤੇ ਕਰੁਦਾ ਭਰੀ ਮੌਤ ਅਤੇ ਗ਼ਰੀਬ ਮੁਟਿਆਰਾਂ ਦੇ ਸੱਤ ਭੰਗਣ ਦੀਆਂ ਘਟਨਾਵਾਂ ਆਮ ਵਾਪਰਦੀਆਂ ਹਨ-

ਏਸ ਸ਼ਹਿਰ ਦੇ ਵਿੱਚ ਇਕ ਥਾਵੇਂ, ਥਾਂ, ਕਿ ਜਿਥੇ ਰਹਿਣ ਨਿਥਾਵੇਂ
ਜਿਸ ਦਿਨ ਕੋਈ ਨਾ ਮਿਲੇ ਮਜੂਰੀ ਉਸ ਦਿਨ ਜਿੰਦ ਉਹਨਾਂ ਦੀ ਝੂਰੀ
ਪਹਿਲੀ ਰਾਤ ਬੁਢੇਪੇ ਵਾਲੀ ਕੰਨਾਂ ਦੇ ਵਿੱਚ ਆ ਕੇ ਕਹਿ ਗਈ
ਕਿ ਏਸ ਸ਼ਹਿਰ ਦੇ ਵਿੱਚ ਉਹਨਾਂ ਦੀ ਅਹਿਲ ਜਵਾਨੀ ਚੋਰੀ ਹੋ ਗਈ
ਕੱਲ੍ਹ ਰਾਤ ਕਹਿਰ ਦਾ ਪਾਲਾ ਅੱਜ ਤੜਕੇ ਸੇਵਾ ਸੰਮਤੀ ਨੂੰ,
ਸੜਕ ਦੇ ਉੱਤੇ ਲਾਸ਼ ਮਿਲੀ ਹੈ, ਥਾਉਂ ਥਾਉਂ ਕੁਝ ਪਤਾ ਨਾ ਲਗੇ।
ਮੜ੍ਹੀਆਂ ਦੇ ਵਿੱਚ ਅੱਗ ਪਈ ਬਲਦੀ ਕੋਈ ਨਾ ਏਸ ਲਾਸ਼ ਨੂੰ ਰੋਇਆ
ਜਾਂ ਕੋਈ ਮੋਇਆ ਹੈ ਇਕ ਮੰਗਤਾ ਜਾਂ ਕੋਈ ਸ਼ਾਇਦ ਫਲਸਫਾ ਮੋਇਆ।
ਕਿਸੇ ਮਰਦ ਦੀ ਬੁਕਲ ਦੇ ਵਿੱਚ
ਕਿਸੇ ਕੁੜੀ ਨੇ ਚੀਕ ਮਾਰ ਕੇ ਪਿੰਡੇ ਤੋਂ ਇਕ ਪੱਚਰ ਲਾਹੀ
ਥਾਣੇ ਵਿੱਚ ਹਾਸਾ ਮਚਿਆ ਕਾਹਵਾ ਘਰ ਵਿੱਚ ਹੀ.......ਹੀ..........ਹੋਈ
ਸੜਕਾਂ 'ਤੇ ਕੁਝ ਹਾਕਰ ਫਿਰਦੇ
ਇਕ ਇਕ ਪੈਸੇ ਖਬਰ ਵੇਚਦੇ, ਰਹਿੰਦਾ ਪਿੰਡਾ ਫੇਰ ਨੋਚਦੇ।

ਕਿਉਂ ਜ਼ੋ ਇਹ ਲੋਕ ਸੰਗਠਿਤ ਨਹੀਂ ਅਤੇ ਆਪਣਾ ਆਪਣਾ ਸੁਆਰਥੀ ਜੀਵਨ ਜੀਂਦੇ ਹਨ। ਇਸ ਲਈ ਉਹ ਚੰਗੇ ਭਵਿੱਖਤ ਦਾ ਕੋਈ ਸੁਪਨਾ ਨਹੀਂ ਲੈ ਸਕਦੇ-

ਖੜਖੜ ਖੜਖੜ ਕਰਨ ਮਸ਼ੀਨਾਂ ਸ਼ਹਿਰ ਜਿਵੇਂ ਇਕ ਛਾਪਾਖਾਨਾ
ਇਕ ਇਕ ਬੰਦਾ ਏਸ ਸ਼ਹਿਰ ਦਾ ਇਕ ਇਕ ਕੱਲੇ ਅੱਖਰ ਵਾਂਗੂ
ਹਰ ਪੈਗੰਬਰ ਕੰਪਾਜ਼ੀਟਰ-ਅੱਖਰ ਮੇਲ ਮੇਲ ਕੇ ਵੇਖੇ
ਅੱਖਰਾਂ ਦੇ ਵਿੱਚ ਅੱਖਰ ਉਣਦਾ ਕਦੇ ਕੋਈ ਫਿਕਰਾ ਨਾ ਬਣਦਾ।
ਦਿੱਲੀ ਏਸ਼ ਸ਼ਹਿਰ ਦਾ ਨਾਉਂ, ਕੋਈ ਨਾਉਂ ਵੀ ਹੋ ਸਕਦਾ ਏ

(ਨਾਵਾਂ ਦੇ ਵਿਚ ਕੀ ਪਿਆ ਏ!)

ਰੋਜ਼ ਭਵਿੱਖ ਦਾ ਸੁਪਨਾ ਰਾਤੀਂ ਵਰਤਮਾਨ ਦੀ ਮੈਲੀ ਚਾਦਰ
ਅੱਧੀ ਆਪਣੇ ਉੱਪਰ ਤਾਣੇ ਅੱਧੀ ਆਪਦੇ ਹੇਠ ਵਿਛਾਵੇ
ਕਿੰਨਾ ਚਿਰ ਕੁੱਝ ਸੋਚੇ, ਜਾਗੇ, ਫਿਰ ਨੀਂਦਰ ਦੀ ਗੋਲੀ ਖਾਵੇ।

(ਓਹੀ)

ਕਵਿਤ੍ਰੀ ਦੀ ਉਪਰੋਕਤ ਕਵਿਤਾ ਬੜਾ ਬਲਵਾਨ ਵਿਸ਼ਾ ਤੇ ਪ੍ਰਭਾਵਸ਼ਾਲੀ ਸ਼ੈਲੀ ਕਾਰਣ ਉਸ ਦੀਆਂ ਸ਼ਾਹਕਾਰ ਕਿਰਤਾਂ ਵਿਚੋਂ ਇਕ ਵੀ ਆਖੀ ਜਾ ਸਕਦੀ ਹੈ।

ਉਹ ਵਰਤਮਾਨ ਕਾਲ ਦੀਆਂ ਦੁੱਖਾਂ ਤੇ ਭੁੱਖਾਂ ਬਾਰੇ ਚੇਤੰਨ ਹੈ। ਇਹ ਗੱਲ ਉਸ ਦੇ ਮਨ ਵਿੱਚ ਕੰਡੇ ਵਾਂਗ ਰੜਕਦੀ ਹੈ-

ਟੁੱਟ ਜਾਏ ਗੋਡੇ ਦੀ ਚੱਪਨੀ, ਅਰਕਾਂ ਦੇ ਵਿੱਚ ਲਹੂ ਵੱਗੇ
ਵਰਤਮਾਨ ਦੀ ਬੰਦ ਗਲੀ ਤੇ ਦੁੱਖ ਭੁੱਖ ਦੀ ਕੰਧ ਸਾਹਮਣੇ

(ਇਕ ਨਗਰ-ਕਾਗਜ਼ ਤੇ ਕੈਨਵਸ)

ਉਹ ਸੁੰਦਰ ਧਰਤੀ ਤੇ ਭੁੱਖ, ਨੰਗ, ਸਹਿਮ ਅਤੇ ਦ੍ਰਿਸ਼ ਨਹੀ ਦੇਖ ਸਕਦੀ ਇਸ ਲਈ ਆਖਦੀ ਹੈ-

ਧਰਤੀ ਅੱਤ ਸੁੰਦਰ ਕਿਤਾਬ
ਚੰਦ ਸੂਰਜ ਦੀ ਜਿਲਦ ਵਾਲੀ
ਪਰ ਖੁਦਾਇਆ! ਇਹ ਭੁੱਖ, ਨੰਗ, ਸਹਿਮ, ਤੇ ਗੁਲਾਮੀ,
ਇਹ ਤੇਰੀ ਇਬਾਰਤ ਹੈ?
-ਜਾਂ ਪਰੂਫਾਂ ਦੀਆਂ ਗ਼ਲਤੀਆਂ?

(?-ਕਾਗਜ਼ ਤੇ ਕੈਨਵਸ)

ਪਿਛਲੀਆਂ ਦੋਹਾਂ ਸਤਰਾਂ ਵਿੱਚ ਕਵਿਤ੍ਰੀ ਇਹ ਪ੍ਰਸ਼ਨ ਕਰ ਗਈ ਹੈ ਕਿ ਇਹ ਸਾਰੇ ਭੈੜ God-Made ਹਨ ਜਾਂ man-made ਪ੍ਰਗਟ ਹੈ ਕਿ ਇਨ੍ਹਾਂ ਦਾ ਕਰਤਾ ਮਨੁੱਖ ਹੀ ਹੈ। ਇਹ ਜਦ ਚਾਹੇ ਉਪਰੋਕਤ ਭੈੜ ਦੂਰ ਹੋ ਸਕਦਾ ਹੈ। Meredith ਨੇ ਆਪਣੇ ਨਿਬੰਣ 'Essay on Comedy and the Uses of the Comic Spirit' ਵਿੱਚ ਵਿਅੰਗਕਾਰ ਨੂੰ ਸਮਾਜ ਦਾ ਗੰਦ ਹੂੰਝਣ ਵਾਲਾ ਤੇ ਆਚਰਣ ਦਾ ਏਜੰਟ ਆਖਿਆ ਹੈ- "The satirist is a moral agent, often a social revenger, working on a storage of bile" D. Worcester [1] ਨੇ ਵਿਅੰਗ ਨੂੰ ਸਮਾਜ ਦੀ ਨਿਅੰਤਰਨ ਕਰਨ ਵਾਲੀ ਸ਼ਕਤੀ (regulating force in society) ਆਖਿਆ ਹੈ। ਣਗਖਦਕਅ ਨੇ ਆਪਣੇ ਨਿਬੰਧ Discourse Concerning Satire ਵਿੱਚ ਵਿਅੰਗ ਦਾ ਉਦੇਸ਼ ਬੁਰਾਈਆਂ ਦਾ ਸੁਧਾਰ ਕਰਨਾ ਦੱਸਿਆ ਹੈ-"The true end of satire is the amendment of vices" ftnzreko jo ਪ੍ਰਕਾਰ ਦੇ ਭੇਖ ਧਾਰੀਆਂ ਉੱਤੇ ਚੋਟਾਂ ਕਰਕੇ ਉਨ੍ਹਾਂ ਦੇ ਮਖੌਟੇ ਉਤਾਰ ਕੇ ਉਨ੍ਹਾਂ ਦੇ ਅਸਲੀ ਰੂਪ ਵਿੱਚ ਪੇਸ਼ ਕਰਦਾ ਹੈ। ਇਸ ਬਾਰੇ Arthur Pollard ਦਾ ਕਥਨ ਹੈ-" Affectation and hypocrisy are ready topics for him at any time, they take an additional point when those who are guilty of such faults are committed by profession to a very different standard of behavior."[2]

ਵਿਅੰਗਕਾਰ ਬੜਾ ਬੇਬਾਕ ਹੁੰਦਾ ਹੈ। ਉਹ ਵੱਡੇ ਤੋਂ ਵੱਡੇ ਵਿਅਕਤੀ ਨੂੰ ਵੀ ਆਪਣੇ ਵਿਅੰਗ ਦਾ ਨਿਸ਼ਾਨਾ ਬਣਾਉਣ ਤੋਂ ਨਹੀਂ ਝਿਜਕਦਾ। ਫਿਰਦੌਸੀ ਨੇ ਸਮੇਂ ਦੇ ਬਲਵਾਨ ਸ਼ਾਸ਼ਕ ਸੁਲਤਾਨ ਮਹਿਮੂਦ ਉੱਤੇ ਚੋਟ ਕਰ ਦਿੱਤੀ ਸੀ ਕਿ ਜੇ ਉਹ ਕਿਸੇ ਬਾਹਸ਼ਾਹ ਦੀ ਔਲਾਦ ਹੁੰਦਾ ਤਾਂ ਬਾਦਹਸ਼ਾਹਾਂ ਦੇ ਸੋਹਿਲੇ ਗਾਉਣ ਵਾਲੇ ਕਵੀ ਨੂੰ ਇਨਾਮ ਦੇਂਦਾ ਕਿਉਂ ਜ਼ੋ ਉਹ ਕਮੀਨੀ ਦਾਸੀ ਦਾ ਪੁੱਤਰ (ਪ੍ਰਸਤਾਰਜ਼ਾਦਾ) ਹੈ ਇਸ ਲਈ ਮੈਨੂੰ ਨਹੀਂ ਨਵਾਜ਼ਦਾ-

ਅਗਰ ਸ਼ਾਹ ਰਾ ਸ਼ਾਹ ਬੂਦੇ ਪਿਦਰ,
ਬਸਰ ਬਰ ਨਿਹਾਦੇ ਮਰਾ ਤਾਜੇ-ਜ਼ਰ।
ਚੂ ਅੰਦਰ ਤਬਾਰਸ਼ ਬਜ਼ੁਰਗੀ ਨਾ ਬੂਦ,
ਪ੍ਰਸਤਰਜ਼ਾਦਾ ਬੇ ਆਇਦ ਬਕਾਰ,
ਅਗਰ ਚੰਦ ਦਾਰਦ ਪਿਤਰ ਸ਼ਹਿਰਯਾਰ।

ਵਿਅੰਗਕਾਰ ਤੋਂ ਵੱਡੇ ਵੱਡੇ ਧੜਲੇਦਾਰ ਲੋਕ ਵੀ ਇਸ ਤਰ੍ਹਾਂ ਕੰਬਦੇ ਹਨ ਜਿਵੇਂ ਕਾਰਟੂਨਿਸਟਾਂ ਤੋਂ ਰਾਜਨੀਤਿਕ ਨੇਤਾ। ਇਹ ਹੀ ਕਾਰਣ ਹੈ ਕਿ ਅੰਗਰੇਜੀ ਦਾ ਕਵੀ Charales Churchill ਆਪਣੀ ਕਵਿਤਾ ‘‘The Ghost’’ ਵਿਅੰਗ ਦੇ ਬਲਵਾਨ ਸੋਹਲੇ ਅੱਗੇ ਲੋਕਾਂ ਦੇ ਕੰਬਣ ਤੇ ਜ਼ਰਦ ਪੈਣ ਦੀ ਗੱਲ ਆਖਦਾ ਹੈ-

Tremble and turn pale
When Satire wields her mighty flail,

ਪਰੰਤੂ ਦੂਜਿਆ ਤੇ ਵਿਅੰਗ ਜਾਂ ਚੋਟ ਕਰਨ ਵਾਲੇ ਕਵੀ ਨੂੰ ਖੁਦ ਕਿਰਦਾਰ ਦਾ ਉੱਚਾ ਤੇ ਸੁੱਚਾ ਹੋਣਾ ਚਾਹੀਦਾ ਹੈ ਨਹੀਂ ਤਾਂ ਲੋਕ ਉਸ ਨੂੰ ਕਮੀਨਾ, ਬਦਲਾ ਲਊ ਤੇ ਢੀਠ ਆਖਣਗੇ। ਖੁਦ ਸ਼ੀਸ਼ ਮਹਿਲ ਵਿੱਚ ਰਹਿ ਕੇ ਦੂਜਿਆਂ ਤੇ ਪੱਥਰ ਮਾਰਨ ਵਾਲੇ ਲੋਕਾਂ ਲਈ ਹੀ ਸ਼ੇਖ ਫ਼ਰੀਦ ਦਾ ਕਥਨ ਹੈ-

ਫਰੀਦਾ ਜੇ ਤੂੰ ਅਕਲਿ ਤਲੀਫ਼ ਵਾਲੇ ਲਿਖ ਨਾ ਲੇਖੁ।
ਆਪਨੜੈ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖ॥
ਅਜਿਹੇ ਲੋਕਾਂ ਲਈ ਹੀ ਉਰਦੂ ਦੇ ਕਿਸੇ ਕਵੀ ਨੇ ਆਖਿਆ ਹੈ-
ਸਲੀਕਾ ਜਿਨ ਕੋ ਹੋਤਾ ਹੈ ਗ਼ਮੇ-ਦੌਰਾਂ ਮੇਂ ਜੀਣੇ ਕਾ,
ਵੋਹ ਯੂੰ ਸ਼ੀਸ਼ੋ ਕੋ ਹਰ ਪੱਕਰ ਮੇ ਟਕਰਾਇਆ ਨਹੀ ਕਰਤੇ।

ਅਜਿਹੇ ਹੀ ਵਿਅੰਗਕਾਰਾਂ ਬਾਰੇ ਛਮਜਵਿ ਨੇ ਆਖਿਆ ਹੈ ਕਿ ਉਨ੍ਹਾਂ ਵਿਅੰਗ ਇਕ ਅਜਿਹਾ ਦਰਪਨ ਹੈ ਜਿਸ ਵਿੱਚ ਉਨ੍ਹਾਂ ਨੂੰ ਦੂਜਿਆ ਦੇ ਚਿਹਰੇ ਤਾਂ ਦਿਸਦੇ ਹਨ ਪਰੰਤੂ ਆਪਣੇ ਨਹੀਂ-

"Satire is sort of glass; wherein beholders do generally discover everybody's face but their own."[3]

ਫਾਰਸੀ ਤੇ ਉਰਦੂ ਦੀ ਕਲਾਸਕੀ ਕਵਿਤਾ ਵਿੱਚ ਵਿਅੰਗ ਦੀ ਮਾਤਰਾ ਕਾਫੀ ਪਾਈ ਜਾਂਦੀ ਹੈ। ਫ਼ਾਰਸੀ ਤੇ ਉਰਦੂ ਸ਼ਾਇਰਾਂ ਨੇ ਸ਼ੇਖ, ਜ਼ਾਹਿਦ, ਮੁੱਲਾਂ ਤੇ ਕੋਤਵਾਲ ਆਦਿ ਨੂੰ ਆਪਣੇ ਵਿਅੰਗ ਦਾ ਨਿਸ਼ਾਨਾ ਬਣਵਾਇਆ ਹੈ। ਆਧੁਨਿਕ ਉਰਦੂ ਸ਼ਾਇਰੀ ਵੀ ਵਿਅੰਗ ਦੀ ਦੌਲਤ ਨਾਲ ਮਾਲਾ ਮਾਲ ਹੈ। ਜਵਾਨੀ ਦੀ ਉਮਰੇ ਮਰਨ ਵਾਲੇ ਪੰਜਾਬ ਦੇ ਉਰਦੂ ਕਵੀ ਨਰੇਸ਼ ਕੁਮਾਰ ਸ਼ਾਦ ਨੇ ਸ਼ੇਖ ਤੇ ਕਿੰਨਾ ਤਿੱਖਾ ਵਿਅੰਗ ਕੀਤਾ ਹੈ:-

ਸ਼ੇਖ ਸਾਹਿਬ ਮੁਕਾਬਲਾ ਕਿਆ ਹੈ,
ਆਪ ਕਾ ਹਮ ਸ਼ਰਾਬ-ਨੋਸ਼ੋ ਸੇ।
ਏਕ ਇਸਮਤ-ਫਰੋਸ਼ ਬੇਹਤਰ ਹੈ,
ਆਪ ਸੇ ਸੌ, ਖੁਦਾ-ਫਰੋਸ਼ੋ ਸੇ।

(ਕਾਸ਼ੇ)

ਇਹੀ ਕਵੀ ਕੁਮਾਰ ਪਾਸ਼ੀ ਜਿਹੇ, ‘‘ਵਿਲਾਸ ਯਾਤ੍ਰਾ’’ ਵਿਖਣ ਵਾਲੇ ਕਵੀ ਤੇ ਇਸ ਪ੍ਰਕਾਰ ਚੋਟ ਕਰਦਾ ਹੈ-
ਫਿਕਰੋ-ਇਹਸਾਸ ਕਾ ਹੈ ਆਈਨਾ,
ਸ਼ਇਰੀ ਕੋਕ ਸ਼ਾਸਤਰ ਤੋਂ ਨਹੀਂ।

(ਨਕਾਦ-ਦਸਤਕ)

ਪੰਜਾਬੀ ਵਿੱਚ ਵਾਰਿਸ਼ਾਹ ਨੇ ਮੁਲਾਵਾਂ ਤੇ ਕਾਜ਼ੀਆਂ ਉੱਤੇ ਭਰਪੂਰ ਵਿਅੰਗ ਕੀਤੇ ਹਨ। ਉਹ ਰਾਂਝੇ ਦੇ ਮੁੱਖੋ ਮਸੀਤ ਦੇ ਮੁੱਲਾਂ ਨੂੰ ਅਖਵਾਉਂਦਾ ਹੈ:-

ਦਾੜ੍ਹੀ ਸ਼ੇਖ ਤੇ ਅਮਲ ਸ਼ੈਤਾਨ ਵਾਲੇ,
ਕੇਹਾ ਰਾਹਿਉਂ ਜਾਂਦਿਆਂ ਰਾਹੀਆਂ ਨੂੰ।
ਅੱਗੇ ਕੱਢ ਕੁਰਾਨ ਤੇ ਬਹੇਂ ਮਿੰਬਰ,
ਕੇਹਾ ਅੱਡਿਉ ਮਕਰ ਦੀਆਂ ਫਾਹੀਆਂ ਨੂੰ।
ਏਹ ਪਤੀਲ ਤੇ ਪਾਕ ਦਾ ਕਰੋ ਵਾਕਿਫ,
ਅਸੀਂ ਜਾਣੀਏ ਸ਼ਰ੍ਹਾ ਗਵਾਹੀਆਂ ਨੂੰ।
ਵਾਰਿਸ਼ ਸ਼ਾਹ ਵਿੱਚ ਹੁਜਰਿਆਂ ਫਿਰਲ ਕਰਦੇ,
ਮੁੱਲਾਂ ਲਾਂਵਦੇ ਜ਼ੀਂਤਰੇ ਵਾਹੀਆਂ ਨੂੰ (ਹੀਰ ਵਾਰਿਸ)

ਜਾ

ਬਾਸ ਹਵਲਿਆਂ ਦੀ ਖ਼ਬਰ ਮੁਰਦਿਆਂ ਦੀ,
ਨਾਲ ਦੁਆਇ ਦੇ ਜਾਂਵਦੇ ਮਾਰਦੇ ਹੋ।
ਅੰਨ੍ਹੇ ਕੋੜ੍ਹਿਆਂ ਲੂਲ੍ਹਿਆਂ ਵਾਂਙ ਬੈਠੇ,
ਕੂਰ੍ਹਾ ਮਰਨ ਜਹਾਨ ਦੇ ਮਾਰਦੇ ਹੋ।
ਸਰ੍ਹਾ ਚਾਇ ਸਰਪੋਸ਼ ਬਣਾਇਆ ਜੇ,
ਵਾਰਿਸ਼ ਸ਼ਾਹ ਮੁਸਾਫਰਾਂ ਆਇਆ ਨੂੰ,
ਚਲੋ ਚਲੋ ਹੀ ਪਏ ਪੁਕਾਰਦੇ ਹੋ। (ਓਹੀ)

ਅੰਮ੍ਰਿਤਾ ਪ੍ਰੀਤਮ ਨੇ ਸੰਸਾਰ ਦੇ ਪ੍ਰਸਿੱਧ ਸਮਾਜਵਾਦੀ ਨੇਤਾ ਸੁਰਗਵਾਸੀ ਲੈਨਿਨ ਬਾਰੇ ਵੀ ਇਸ ਕਵਿਤਾ ਲਿਖੀ ਹੈ ਜਿਸ ਵਿੱਚ ਉਸ ਮਹਾਨ ਨੇਤਾ ਨੂੰ ਸੰਬੋਧਿਤ ਕਰ ਕੇ ਆਖਦੀ ਹੈ-

ਤੂੰ ਮੇਰੇ ਇਤਿਹਾਸ ਦਾ ਕਿਹੋ ਜਿਹਾ ਪਾਤਰ?
ਮੇਰੀ ਕੰਧ ਦੇ ਕੈਲੰਡਰ ’ਚੋਂ ਨਿਕਲ ਕੇ
ਤੂੰ ਰੋਜ਼ ਉਸ ਦੀ ਤਾਰੀਖ ਬਦਲਦਾ
ਤੇ ਮੈਨੂੰ ਇਕ ਨਵੇਂ ਦਿਹੁੰ ਵਾਂਗ ਮਿਲਦਾ।
ਕੈਲੰਡਰ ਤੋਂ ਬਾਹਰ ਆ ਕੇ-
ਤੂੰ ਸੜਕਾਂ ’ਤੇ ਨਿਕਲ ਤੁਰਦਾ ਹੈ-
ਤਾਂ ਕਿ ਧੁਪ ਨਿਕਲ ਆਉਂਦੀ ਹੈ।
ਤੇ ਜਿਥੇ ਵੀ ਜਿਹੜੀ ਗੁੱਠ ਕੂਲੀ ਹੈ
ਉਹ ਹਰੇ ਪੱਤੇ ਦੀ ਤਰ੍ਹਾਂ ਹਸਦੀ ਹੈ,
ਤੇ ਜਿੱਥੇ ਵੀ ਜਿਹੜੀ ਗੁੱਠ ਮੈਲੀ ਹੈ
ਉਹ ਸ਼ਰਮਸਾਰ ਹੁੰਦੀ ਹੈ।

(ਮੇਰੇ ਇਤਿਹਾਸ ਦਾ ਇਕ ਪਾਤਰ-ਕਾਗਜ਼ ਤੇ ਕੈਨਵਸ)
ਇਸ ਸਮੇਂ ਮਾਹਿਰ ਲੁਧਿਆਨਵੀਂ ਨੇ ਵੀ ਲੈਨਿਨ ਬਾਰੇ ਆਪਣੀ ਪ੍ਰਸਿੱਧ ਕਵਿਤਾ ਲੈਨਿਨ (1970) ਲਿਖੀ ਸੀ ਜਿਸ ਵਿੱਚ ਉਹ ਰੂਸ ਅਤੇ ਚੀਨ ਦੀ ਆਪਸੀ ਫੁੱਟ ਉੱਤੇ ਖੇਦ ਪ੍ਰਗਟ ਕਰਦਾ ਹੋਇਆ
ਕਿਆ ਜਾਨੇਂ, ਤਿਰੀ ਉੱਮਤ ਕਿਸ ਹਾਲ ਕੋ ਪਹੁੰਚੇਗੀ
ਬੜ੍ਹਤੀ ਚਲੀ ਜਾਤੀ ਹੈ ਤੈਦਾਦ ਇਮਾਮੋ ਕੀ।
ਹਰ ਗੋਸ਼ਾਇ-ਮਗ਼ਰਿਬ ਮੈਂ, ਹਰ ਖਿੱਤਾਇ ਮਸ਼ਰਿਕ ਮੇਂ,
ਤਸ਼ਰੀਹ ਦਿਗਰਗੂੰ ਹੈ ਅਬ ਤੇਰੇ ਪਿਆਮੋ ਕੀ।
ਵੋਹ ਲੋਗ ਇਨ੍ਹੇਂ ਕਲ ਤੱਕ ਦਾਅਵਾ ਥਾ ਰਫਾਕਤ ਕਾ,
ਤਜ਼ਲੀਲ ਪੈ ਉਤਰੇ ਹੈਂ, ਆਪਣੇ ਹੀ ਨਾਮੋ ਕੀ।

(ਆਉ ਕਿ ਕੋਈ ਖ੍ਵਾਬ ਬੁਣੇ)

ਲੈਨਿਨ ਮਹਾਨ ਦੀ ਸ਼ਰਧਾਲੂ ਹੁੰਦੀ ਹੋਏ ਵੀ ਅੰਮ੍ਰਿਤਾ ਪ੍ਰੀਤਮ ਸਮਾਜਵਾਦ ਦਾ ਵਿਰੋਧ ਕਿਉਂ ਕਰਦੀ ਹੈ? ਅਸਲ ਵਿੱਚ ਉਹ ਖੁਦ ਨੂੰ ਸੁਤੰਤਰ ਆਤਮਾ ਆਖਦੀ ਹੈ ਅਤੇ ਉਸ ਦਾ ਖਿਆਲ ਹੈ ਕਿ ਸਮਾਜਵਾਦ ਵਿੱਖ ਮਨੁੱਖ ਨੂੰ ਨਿੰਜੀ ਆਜ਼ਾਦੀ ਪ੍ਰਾਪਤ ਨਹੀਂ ਹੁੰਦੀ। ਇਸੇ ਮੁਗਾਲਤੇ ਨੇ ਉਸ ਤੋਂ ਅਖਵਾਇਆ ਹੈ:

ਸਮਾਜਵਾਦ : ਮਨੁੱਖ ਜਾਤ ਦਾ ਮੰਦਰ
ਤੇ ਇੱਕ ਇੱਟ ਕੀਮਤ
ਇਹ ਮੰਦਰ ਦੀ ਲੋੜ ਹੈ।
ਜਾਂ ਠੇਕੇਦਾਰ ਦੀ ਮਰਜ਼ੀ

ਕਿ ਜਿਹੜੀ ਇੱਟ ਨੂੰ ਜਿਥੇ ਵੀ ਚਾਹੇ ਧਰ ਲਵੇ!

(ਦੇਖ ਕਬੀਰਾ ਰੋਇਆ..............ਕਾਗਜ਼ ਤੇ ਕੈਨਵਸ)
ਸਮਾਜਵਾਦ ਵਿੱਚ ਹਰ ਮਨੁੱਖ ਨੂੰ ਆਪਣਾ ਕੰਮ ਧੰਦਾ ਅਪਨਾਉਣ ਦੀ ਖੁੱਲ੍ਹ ਹੈ ਅਤੇ ਕਿਸੇ ਤੋਂ ਮਜਬੂਰਨ ਕੋਈ ਕੰਮ ਨਹੀਂ ਲਿਆ ਜਾਂਦਾ। ਹਾਂ, ਪੂੰਜੀਵਾਦ ਸਮਾਜਵਾਦ ਦੇ ਕਈ ਲੋਕਾਂ ਵਾਂਗ ਵੇਹਲਿਆਂ ਖਾਣ ਦੀ ਆਗਿਆ ਵੀ ਨਹੀਂ ਹੁੰਦੀ। ਸਮਾਜਵਾਦ ਵਿੱਚ ਅਧਿਕਾਰ (Rights) ਮਿਲਦੇ ਹਨ ਅਤੇ ਲੋਕਾਂ ਨੂੰ ਉਨ੍ਹਾਂ ਦੇ ਕਰਤੱਵ (duties) ਵੀ ਦੱਸੇ ਜਾਂਦੇ ਹਨ। ਇਹ ਗੱਲ ਠੀਕ ਹੀ ਹੈ ਕਿ ਸਮਾਜਵਾਦ ਇਕ ਮੰਦਰ ਹੈ। ਜੇ ਮੰਦਰ ਨੂੰ ਸੋਹਦਾ ਬਣਾਉਣਾ ਹੈ ਤਾਂ ਇੱਟਾਂ ਨੂੰ ਹਿਸਾਬ ਸਿਰ ਬੀੜਨਾ ਪਏਗਾ ਹੀ!
ਅੰਮ੍ਰਿਤਾ ਪ੍ਰੀਤਮ ਨੇ ਥਾਂ ਥਾ ਤੇ ਨਿੱਜੀ ਆਜ਼ਾਦੀ ਦਾ ਪ੍ਰਚਾਰ ਕੀਤਾ ਹੈ ਅਤੇ ਦਜਿਆਂ ਦੀ ਆਜ਼ਾਦੀ ਖੋਹਣ ਵਾਲਿਆਂ ਨੂੰ ਬੁਰਾ ਆਖਿਆ ਹੈ। ਉਹ ਘਾਟ ਨੂੰ ਮੌਲਣ ਨਾ ਦੇਣ ਵਾਲੇ ਬੋਹੜ ਦੀ ਨਿਖੇਧੀ ਕਰਦੀ ਹੈ-

ਪੈਰਾਂ ਵਿਚਲਾ ਸਾਹ ਨਿਮਾਣਾ
ਉਤਾਂਹ ਵੱਲ ਤੱਕੇ ਤੇ ਮੰਗੇ
ਪੀਲੇ ਪਤਲੇ ਬੁੱਲ੍ਹ ਅੱਡ ਕੇ
ਕਦੀ ਘੁੱਟ ਕੇ ਸੂਰਜ ਮੰਗੇ।

ਉਹ ਭਾਈ ਵੀਰ ਸਿੰਘ ਵਾਂਗ (ਦੇਖੋ ਉਨ੍ਹਾਂ ਦੀ ਕਵਿਤਾ ਗੰਗਾ ਰਾਮ) ਆਜ਼ਾਦੀ ਨੂੰ ਨਾ ਖੋਹਣ ਤੇ ਨਾ ਖਹਾਉਣ ਦੀ ਗੱਲ ਆਖਦੀ ਹੈ-

ਹੱਕ ਲੈਣਾ ਹੱਕ ਦੇਣਾ
ਤੇ ਸੁਤੰਤਰਤਾ ਨਾ ਖੋਹਣੀ ਨਾ ਖੁਹਾਣੀ

(15 ਅਗਸਤ-ਕਾਗਜ਼ ਤੇ ਕੈਨਵਸ)
ਕਵਿਤ੍ਰੀ ਖੁਦ ਨੂੰ ਸੁਤੰਤਰ ਰੂਹ ਰੱਖਣ ਵਾਲੀ ਨਾਰੀ ਆਖਦੀ ਹੈ-

ਤੇ ਜਿਥੇ ਵੀ ਸੁਤੰਤਰ ਰੂਹ ਦੀ ਝਲਕ ਪਵੇ
-ਸਮਝਣਾ ਉਹ ਮੇਰਾ ਘਰ ਹੈ।

(ਮੇਰਾ ਪਤਾ-ਕਾਗਜ਼ ਤੇ ਕੈਨਵਸ)
ਉਹ ਮਾਰਟਿੰਨ ਲੂਧਰ ਕਿੰਗ ਦੀ ਸਰਾਹੁਣਾ ਵੀ ਇਸੇ ਲਈ ਕਰਦੀ ਹੈ ਕਿ ਕਿਉਂ ਜੋ ਉਹ ਸ਼ਖ਼ਸੀ ਆਜ਼ਾਦੀ ਦਾ ਪ੍ਰਚਾਰਕ ਸੀ। ਉਹ ਕਿਸੇ ਪ੍ਰਕਾਰ ਦੀ ਪਾਬੰਦੀ ਜਾਂ ਰੋ ਟੋਕ ਨੂੰ ਬਰਦਾਸ਼ਤ ਨਹੀਂ ਕਰਦੀ ਇਸੇ ਲਈ ਸੈਂਸਰ ਦੇ ਵਿਰੁੱਧ ਬੋਲਦੀ ਹੈ-

ਤੇ ਫੇਰ ਅਸੀਂ ਦੋਵੇਂ ਇਕ ਸੈਂਸਰ ਦੀ ਤਰ੍ਹਾਂ ਹੱਸੇ
ਤੇ ਕਾਗਜ਼ ਨੂੰ ਇਕ ਠੰਢੇ ਮੇਜ਼ ਤੇ ਰੱਖ ਕੇ
ਉਸ ਸਾਰੀ ਨਜ਼ਮ ਤੇ ਲੀਕ ਫੇਰ ਦਿੱਤੀ।

(ਇਕ ਮੁਲਾਕਾਤ-ਕਾਗਜ਼ ਤੇ ਕੈਨਵਸ)
ਜਾਂ
ਤੇ ਇਹ ਪੁਰਾਗ-
ਜੇ ਸਾਹ ਘੁੱਟ ਕੇ ਅੱਜ ਸੈਂਸਰ ਦੀ ਪੀਡੀ ਮੁੱਠ ਵਿੱਚ ਬੈਠਾ।

(ਸਟਿਲ ਲਾਈਫ-ਕਾਗਜ਼ ਤੇ ਕੈਨਵਸ)
ਕਵਿਤ੍ਰੀ ਦਾ ਆਜ਼ਾਦੀ ਪਸੰਦ ਹੋਣਾ ਚੰਗੀ ਗੱਲ ਹੈ ਪਰੰਤੂ ਉਸ ਨੂੰ ਆਜ਼ਾਦੀ (freedom) ਅਤੇ ਅਰਾਜਕਤਾ(anarchy) ਦਾ ਅੰਤਰ ਸਮਝ ਲੈਣਾ ਚਾਹੀਦਾ ਹੈ। ਸਮਾਜਵਾਦੀ ਦੇਸ਼ਾਂ ਵਿੱਚ ਮਨੁੱਖੀ ਆਜ਼ਾਦੀ ਹੈ ਅਰਾਜਕਤਾ ਨਹੀਂ। ਹਰ ਸਮਾਜ ਦੀ ਕੋਈ ਨਾ ਕੋਈ ਮਰਯਾਦਾ ਹੁੰਦੀ ਹੈ ਜਿਸ ਨੂੰ ਭੰਗ ਕਰਨਾ ਸਮਾਜ ਅਤੇ ਵਿਅਕਤੀ ਦੋਹਾਂ ਲਈ ਹਾਨੀਕਾਰਕ ਹੁੰਦਾ ਹੈ ਜਿਸ ਤਰ੍ਹਾਂ ਕਵ੍ਰਿਤੀ ਸਾਮਰਾਜਵਾਦੀ ਅਤੇ ਪੂੰਜੀਵਾਦੀ ਜੰਗ ਸਮਾਜਵਾਦ ਦੀ ਸਥਾਪਨਾ ਲਈ ਲੜੀ ਗਈ ਜੰਗ ਨਾਲੋਂ ਕੋਈ ਅੰਤਰ ਨਹੀਂ ਸਮਝਦੀ ਉਸ ਤਰ੍ਹਾਂ ਉਹ ਆਜ਼ਾਦੀ ਤੇ ਅਰਾਜਕਤਾ ਨੂੰ ਵੀ ਇਕੋ ਹੀ ਗੱਲ ਸਮਝਦੀ ਹੈ। ਇਹੀ ਕਾਰਣ ਹੈ ਕਿ ਉਹ ਚੰਗੀਆਂ, ਜਬਰ ਜਿਨਾਹ ਤੇ ਮੁੰਡੇ ਬਾਜ਼ੀ ਕਰਨ ਵਾਲੇ ਯਾਂ ਯੈਨੇ (Jean Genet); ਨਿਤ ਪ੍ਰੇਮੀ ਤੇ ਪਤੀ ਬਦਲਣ ਵਾਲੀ ਮਾਰਲਿਟ ਮੱਨਰੋ (Marilyn Monroe); ਸੁਆਰਥੀ ਜੀਵਨ ਜੀਣ ਦਾ ਪ੍ਰਚਾਰ ਕਰਨ ਵਾਲੀ ਆਈਨ ਰੈਂਡ (Ayn rand) ਅਤੇ ਜਿਨਸੀ ਖੁੱਲ੍ਹਾ ਦੇ ਸਮਰਥਕ ਹੈਨਰੀ ਮਿਲਰ (Herny Miller) ਦੇ ਕਸੀਦੇ ਗਾਉਂਦੀ ਹੈ ਅਤੇ ਉਨ੍ਹਾਂ ਦੀ ਸ਼ਾਨ ਵਿੱਚ ਕਵਿਤਾਵਾਂ ਲਿਖ ਕੇ ਕਵਿਤਾ ਜਿਹੀ ਪਵਿੱਤਰ ਕਲਾ ਨੂੰ ਕਲੰਕਿਤ ਕਰਦੀ ਹੈ ਅਗਾਂਹ ਵਧੂ ਸਾਹਿਤਕਾਰ ਨਿਰਅੰਕੁਸ਼ ਜਾਂ ਬੇਲਗਾਮ ਵਿਚਾਰਾਂ ਵਾਲੇ ਨਹੀਂ ਹੁੰਦੇ ਇਸ ਲਈ ਅੰਮ੍ਰਿਤਾ ਪ੍ਰੀਤਮ ਦੀ ਅਜੋਕੀ ਕਵਿਤਾ ਵਿਚਲੀ ਪ੍ਰਯੋਗਵਾਦੀ ਰਾਖ ਦੇ ਢੇਰ ਹੇਠੋਂ ਕੱਝ ਅਗਾਂਹ ਵਧੂ ਚਿੰਗਾਰੀਆਂ ਤਾਂ ਪ੍ਰਾਪਤ ਹੋ ਜਾਂਦੀਆਂ ਹਨ ਪਰੰਤੂ ਉਹ ਪੂਰਣ ਤੌਰ ਤੇ ਅਗਾਂਹ-ਵਧੂ ਕਵਿਤ੍ਰੀ ਨਹੀਂ ਕਹਿਲਵਾ ਸਕਦੀ।
ਸਫੀਰ ਦੀ ਲੇਖਨੀ ਉਤਨੀ ਅਧਿਆਪਤਮਕ ਪ੍ਰਭਾਵ ਦਾ ਪੂਰਾ ਰੰਗ ਹੈ ਪਰ ਫਿਰ ਵੀ ਕਵੀ ਮਨੁੱਖੀ ਹਸਤੀ ਨੂੰ ਵੀਹਵੀਂ ਸਦੀ ਦੇ ਬੌਧਿਕ ਵਾਤਾਵਰਣ ਵਿੱਚ ਰੱਖਕੇ ਵਾਚਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੋ ਸਕਿਆ ਹੈ। ਕਿਉਂਕਿ ਕਵੀ ਆਸਤਿਕ ਹੋਣ ਦੇ ਬਾਵਜੂਦ ਬੌਧਿਕ ਪ੍ਰਾਣੀ ਹੈ, ਬੁੱਧੀ ਜੀਵੀ ਵਿਚਾਰਕ ਹੈ ਅਤੇ ਕਿਸੇ ਜੜ੍ਹ ਸਿਧਾਂਤ ਦੇ ਮੰਨਣ ਤੋਂ ਇਨਕਾਰੀ ਹੈ। ਉਸ ਦਾ ਪੱਖ ਆਪਣਾ ਹੈ, ਉਸ ਦੀਆਂ ਰੁਚੀਆਂ ਨਵੇਕਲੀਆਂ ਹਨ। ਇਸ ਲਈ ਪ੍ਰੀਤਮ ਸਿੰਘ ਦੇ ਕਾਵਿ ਦਾ ਇਹ ਮਾਨਵਤਾਵਾਦੀ ਤੱਤ ਯਕੀਨਨ ਨਰੋਆ ਤੇ ਸੱਜਰਾ, ਰੌਚਕ ਤੇ ਤਾਂਤ੍ਰਿਕ ਹੈ।
ਸਫੀਰ ਦੇ ਇਸ ਮਨੁੱਖੀ ਖੁਸ਼ਹਾਲੀ, ਉੱਚਤਾ, ਵਿਕਾਸ ਅਤੇ ਉਸ ਦੇ ਨਵ-ਨਿਰਮਾਣ ਦੇ ਨਜ਼ਰੀਏ ਨੂੰ "ਮਾਨਵਤਾਵਾਦ" ਦਾ ਨਾਂ ਦੇਣਾ ਜਾਇਜ਼ ਲਗਦਾ ਹੈ। ਕਲਾ ਵਿੱਚ ਮਨੁੱਖੀ ਹਸਤੀ ਨੂੰ ਦੋ ਦ੍ਰਿਸ਼ਟੀਆਂ ਤੋਂ, ਦੋ ਪਹਿਲੂਆਂ ਤੋਂ ਵਿਚਾਰਿਆ ਜਾਂਦਾ ਹੈ: ਮਾਨਵਵਾਦੀ ਤੇ ਮਾਨਵਤਾਵਾਦੀ। ਅੰਗਰੇਜ਼ੀ ਆਲੋਚਕ ਇਨ੍ਹਾਂ ਦੋਹਾਂ ਪਹਿਲੂਆਂ ਨੂੰ ਤਰਤੀਬਵਾਰ Humanism ਅਤ/ Humanitarianism ਦੇ ਅੰਦਰ ਸ਼ਾਮਲ ਕਰਦੇ ਹਨ। Humanism ਮਨੁੱਖ ਦੇ ਅੰਦਰਲੇ ਪੱਖ ਧਾਰਮਿਕ ਤੇ ਸਦਾਚਾਰਿਕ ਕੀਮਤਾਂ ਉਤੇ ਜ਼ੋਰ ਦਿੰਤਾ ਹੈ। ਇਹ ਇਕ Moral Appoach ਹੈ। ਇਕ ਨੈਤਿਕ ਸਿਧਾਂਤ ਹੈ, ethical treatment ਹੈ, ਇਕ ਸਦਾਚਾਰਿਕ ਨਿਭਾ ਹੈ। ਇਸ ਵਿੱਚ ਮਨੁੱਖ ਦੀਆਂ ਅੰਤਰੀਵੀ ਸ਼ਕਤੀਆਂ ਨੂੰ ਜਾਗਰਤ ਕਰਨਾ ਹੀ ਉਦੇਸ਼ ਹੈ ਤਾਂ ਜੋ ਉਹ ਕਾਮਲ ਪ੍ਰਾਣੀ, ਮੁਕੰਮਲ ਹਸਤੀ ਬਣ ਸਕੇ। ਪੱਛਮੀ ਸਾਹਿਤ ਵਿੱਚ ਪਲੇਟੋ, Horace, Philip Sydney, Johnson, Matthew Arnold ਅਜਿਹੇ ਹੀ ਮਾਨਵਵਾਦੀ ਸਾਹਿਤਕਾਰ ਹਨ। ਪਰ ਮੱਧ ਕਾਲ ਦੇ ਅੰਤ ਵਿੱਚ ਉਥੇ New Humanist ਨਾਂ ਦੇ ਨਵੇਂ ਕਲਾਕਾਰ ਪੈਦਾ ਹੋਏ ਜਿੰਨ੍ਹਾਂ ਦੇ ਮਨੁੱਖ ਨੂੰ ਅੰਦਰਲੀਆਂ ਦਿੱਲੀ ਕਮਜ਼ੋਰੀਆਂ ਵੱਲ ਢਹਿੰਦਾ ਵੇਖਿਆ ਅਤੇ ਇਸ ਲਈ ਉਨ੍ਹਾਂ ਨੇ ਤਰਕ ਦੀ ਟੇਕ ਲੈ ਕੇ ਉਨ੍ਹਾਂ ਕਮਜ਼ੋਰੀਆਂ ਨੂੰ ਵਿਵਸਥਾ, ਸੰਜਮ ਅਤੇ ਜ਼ਬਤ ਹੇਠ ਰੱਖਣ ਉਤੇ ਜ਼ੋਰ ਦਿੱਤਾ। ਉਨ੍ਹਾਂ ਅਨੁਸਾਰ ਮਨੁੱਖ ਇਕ ਸੁਤੰਤਰ ਹਸਤੀ ਹੈ ਪਰ ਉਸ ਵਿੱਚ ਇਕ ਹੈਵਾਨ ਸੁੱਤਾ ਹੈ। ਕਿਸੇ ਵੇਲੇ ਮਨੁੱਖ ਉਨ੍ਹਾਂ ਹੈਵਾਨੀ ਖਾਹਿਸ਼ਾਂ ਦਾ ਸ਼ਿਕਾਰ ਬਣ ਸਕਦਾ ਹੈ। ਬੁੱਧੀ ਬਲ ਨਾਲ ਉਨ੍ਹਾਂ ਦਾ ਦਮਨ ਜ਼ਰੂਰੀ ਹੈ। ਇਸ ਤਰ੍ਹਾਂ Humanism (ਮਾਨਵਵਾਦ) ਮਨੁੱਖ ਨੂੰ ਅੰਦਰਲੀਆਂ ਇੰਦਰੀਆਂ ਤੇ ਅੰਦਰਲੀਆਂ ਪਰਿਸਥਿਤੀਆਂ ਦਾ ਦਾਸ ਸਮਝਕੇ ਉਸ ਨੂੰ ਉਚਿਆਉਣ ਦੇ ਹਲ ਪੇਸ਼ ਕਰਦਾ ਹੈ ਜਿਥੇ ਨੈਤਿਕਤਾ ਜਾਂ ਇਖ਼ਲਾਕ ਹੀ ਮਨੁੱਖੀ ਆਦਰਸ਼ ਹੈ।
ਮਾਨਵਤਾਵਾਦ (Humanitarianism) ਦੀ ਪਰਿਭਾਸ਼ਾ ਉਲੀਕਦਿਆਂ (Archie J. Bahm) ਨੇ Dictionary of Philosophy ਵਿੱਚ ਲਿਖਿਆ ਹੈ ਕਿ ਮਾਨਵਤਾਵਾਦ ਇਕ ਸਦਾਚਾਰਿਕ ਤੇ ਸਾਮਾਜਿਕ ਪ੍ਰੋਗਰਾਮ ਦਾ ਨਾਂ ਹੈ ਜਿਸਦਾ ਟੀਚਾ ਮਨੁੱਖਤਾ ਦੇ ਦੁੱਖ ਦਰਦ ਨੂੰ ਘਟਾਉਣਾ ਅਤੇ ਉਸ ਦੇ ਕਲਿਆਣ ਨੂੰ ਵਧਾਉਣਾ ਹੈ; ਜਿਸ ਵਿੱਚ ਅਕਸਰ ਸਾਮਾਜਿਕ ਸੁਧਾਰ ਦਾ ਉਦੇਸ਼ ਤਲਖ ਜਜ਼ਬਾਤੀ ਹੱਦ ਤੱਕ ਪਹੁੰਚ ਜਾਂਦਾ ਹੈ, ਏਥੋਂ ਤਕ ਕਿ ਪਸ਼ੂਆਂ ਵੱਲ ਨਿਰਦੈਤਾ ਰੋਕਣ ਦੀ ਵੀ ਮੰਗ ਕਰਦਾ ਹੈ। ਇਸ ਤਰ੍ਹਾਂ ਮਾਨਵਤਾ-ਵਾਦ ਵਿਸ਼ਾਲ ਤੇ ਉਦਾਰ ਅਤੇ ਬੌਧਿਕ ਤੇ ਦਾਰਸ਼ਨਿਕ ਦ੍ਰਿਸ਼ਟੀਕੋਣ ਹੈ।
ਉਕਤ ਸਿਧਾਂਤਿਕ ਵਿਸ਼ਲੇਸ਼ਣ ਦੇ ਚਾਨਣੇ ਵਿੱਚ ਸਫੀਰ ਦਾ ਨਿੱਜ ਤੋਂ ਭਿੰਨ ਮਨੁੱਖ ਪ੍ਰਤੀ ਵਰਤਾਰਾ Humanism ਨਾਲੋਂ Humanitarianism ਦੇ ਲਾਗੇ ਹੀ ਪਹੁੰਚਦਾ ਹੈ ਜਿਸ ਨੂੰ ਅਸੀਂ 'ਮਾਨਵਤਾਵਾਦ' ਦਾ ਨਾਂ ਦਿੱਤਾ ਹੈ।
ਸਫੀਰ ਦੇ ਇਸ ਮਾਨਵਤਾਵਾਦੀ ਦ੍ਰਿਸ਼ਟੀਕੋਣ ਨੂੰ ਪ੍ਰੇਰਿਤ ਕਰਨ ਵਿੱਚ ਕਵੀ ਦਾ ਆਪਾ ਤੇ ਤੇ ਯੁੱਗ ਦੀਆਂ ਪਰਿਸਥਿਤੀਆਂ ਕ੍ਰਿਆਸ਼ੀਲ ਹਨ। ਸਫੀਰ ਖੁਦ ਹਿਕ ਪਾਸੇ ਅੰਗਰੇਜ਼ੀ ਤੇ ਉਰਦੂ ਦਾ ਗਿਆਤਾ ਹੈ ਜਿਸ ਨਾਲ ਉਸ ਨੂੰ ਏਸ਼ੀਆ ਤੇ ਯੂਰਪ ਦੋਹਾਂ ਦੇਸ਼ਾਂ ਦੇ ਇਤਿਹਾਸ, ਸੰਸਕ੍ਰਿਤੀ, ਸਭਿਅਤਾ, ਦਰਸ਼ਨ ਤੇ ਮਿਥਿਹਾਸ ਦਾ ਗਿਆਨ ਪ੍ਰਾਪਤ ਹੋਇਆ ਹੈ। ਅੰਗਰੇਜ਼ੀ ਦੇ ਅਧਿਐਨ ਕਰਨ ਨਾਲ ਖਾਸ ਕਰਕੇ ਉਹ ਵੀਹਵੀਂ ਸਦੀ ਦੇ ਸਮਾਜ-ਦਰਸ਼ਨ (Sociology), ਸਾਇੰਸ, ਰਾਜਨੀਤੀ-ਦਰਸ਼ਨ (Diplomacy) ਅਗੇਯਵਾਦ (Agnosticism) ਤੋਂ ਜਾਣੂ ਹੋਇਆ ਹੈ। ਇਸ ਨਾਲ ਉਸ ਦੀ

ਅੰਤਰ-ਰਾਸ਼ਟਰੀ ਸੂਝ-ਬੂਝ ਵਿੱਚ ਢੇਰ ਵਾਧਾ ਹੋਇਆ ਹੈ। ਦੂਜੇ ਪਾਸੇ ਉਸ ਪਾਸ ਕਵੀ ਦਾ ਦਿਨ ਹੈ ਜਿਹੜਾ ਸੰਵੇਦਨ-ਸ਼ੀਲ (Sensitive) ਹੁੰਦਾ ਹੈ। ਦੇਸੀ ਜਾਂ ਸਰਬਦੇਸ਼ਿਕ, ਰਾਸ਼ਟਰੀ ਜਾਂ ਅੰਤਰ-ਰਾਸ਼ਟਰੀ ਹਰ ਘਟਨਾ ਉਸਦੇ ਹਿਰਦੇ ਨੂੰ ਛੂਹ ਜਾਂਦੀ ਹੈ। ਉਸ ਦੀ ਨਿਰੀਖਣ ਸ਼ਕਤੀ ਵੀ ਗਹਿਰੀ ਹੈ, ਸੂਖਮ ਹੈ। ਹੋਣੀਆਂ ਤੇ ਭਾਵੀਆਂ ਦੇ ਬਹਿਰੂਨੀ ਰੂਪ ਪਿੱਛੇ ਕ੍ਰਿਆਸ਼ੀਲ ਪ੍ਰੇਰਕ ਸ਼ਕਤੀ ਨੂੰ ਜਾ ਰੂਹ ਨੂੰ ਉਹਦੀ ਸੂਖਮਦਰਸ਼ੀ ਅੱਖ ਝੱਟਪਟ ਪਕੜਦੀ ਹੈ। ਇਸ ਲਈ ਉਹ ਆਪਣੇ ਯੁਗ ਦੇ ਸਥੂਲ ਮਾਮਲਿਆਂ ਦੇ ਸੂਕਸ਼ਮ ਸੂਤਰ ਫੜਕੇ ਸ਼ਾਇਰਾਨਾ ਅੰਦਾਜ਼ ਵਿੱਚ ਆਪਣਾ ਪ੍ਰਤਿਕਰਮ ਅੰਕਿਤ ਕਰ ਜਾਂਦਾ ਹੈ। ਮਿਸਰ ਵਿੱਚ ਜੋ ਕਹਿਰ ਵਰਤਿਆਂ ਉਸ ਦੀ ਮੂਲ-ਜੜ੍ਹ ਕਵੀ 'ਲੋਭ' ਨੂੰ ਸਮਝਦਾ ਹੈ। ਇਸ ਲਈ ਲੋਭ ਇਸ ਕੁਹਰਾਮ ਦਾ ਸੂਤਰ ਤੇ ਮੂਲ ਕਾਰਣ ਹੈ। ਲੋਭ ਦਾ ਮਾਨਵੀਕਰਣ ਕਰਦਾ ਹੋਇਆ ਕਵੀ ਲਿਖਦਾ ਹੈ:-

ਅਜ ਮਿਸਰ ਦੀ ਛਾਤੀ ਉਤੇ,
ਇਹ ਜੋ ਬੰਬ ਲੋਭ ਨੇ ਮਾਰੇ
ਭਾਂਬੜ ਬਣੇ ਜ਼ਿਮੀਂ ਅਸਮਾਨ

ਘਟਨਾਵਾਂ ਦੀਆਂ ਤਹਿਆਂ ਵਿੱਚ ਲੁਕੀਆਂ ਜੜ੍ਹਾਂ ਨੂੰ ਪਕੜਨ ਤੋਂ ਇਲਾਵਾ ਕਵੀ ਆਪਣੇ ਸਮਕਾਲੀ ਯੁੱਗ ਦੀਆਂ ਨਵੀਆਂ ਲੋੜਾਂ ਤੋਂ ਸੁਚੇਤ ਹੈ। ਸਫੀਰ ਸੱਚਮੁੱਖ ਯੁੱਗ-ਚੇਤੰਨ ਕਲਾਕਾਰ ਹੈ। ਯੁੱਗ-ਸਤਿ ਦਾ ਪ੍ਰਗਟੀਕਰਣ ਉਸ ਦਾ ਵਿਸ਼ੇਸ਼ ਆਦਰਸ਼ ਜਾਪਦਾ ਹੈ। ਸਾਇੰਸ ਤੇ ਬੁੱਧੀ ਨੇ ਮਨੁੱਖ ਨੂੰ ਜਿਹੜੀਆਂ ਨਵੀਆਂ ਯੁੱਗ ਦੀਆਂ ਲੋੜਾਂ ਪ੍ਰਦਾਨ ਕਰ ਦਿੱਤੀਆਂ ਹਨ, ਹਰ ਮਨੁੱਖ ਉਨ੍ਹਾਂ ਤੋਂ ਲਾਹੇਵੰਦ ਹੋਣਾ ਲੋਚਦਾ ਹੈ। ਆਵਾਜਾਈ ਦੇ ਸਾਧਨਾਂ ਨੇ ਇਕ ਮਨੁੱਖ ਨੂੰ ਦੂਜੇ ਮਨੁੱਖ ਦੇ ਨੇੜੇ ਲਿਆ ਖੜਾ ਕੀਤਾ ਹੈ। ਇਸ ਲਈ ਉਨ੍ਹਾਂ ਵਿੱਚ ਸਾਂਝ ਸੰਭਾਲੀ ਕਾਇਮ ਹੋਣ ਦੇ ਹੋਰ ਵਧੀਕ ਮੌਕੇ ਆ ਜੁੜੇ ਹਨ। ਮਨੁੱਖ ਆਪਣੀ ਸ਼ਕਤੀ ਤੋਂ ਸਾਵਧਾਨ ਹੋਇਆ ਹੈ ਅਤੇ ਸਾਵਧਾਨ ਕੀਤਾ ਜਾ ਰਿਹਾ ਹੈ। ਇਸ ਪਾਸੇ ਵੀ ਸੰਸਾਰ ਦੇ ਚਿੰਤਕ ਤੇ ਵਿਚਾਰਕ ਯੋਗਦਾਨ ਪਾ ਰਹੇ ਹਨ। ਮਾਨਸਿਕ ਡੂੰਘਾਣਾਂ ਵਿੱਚ ਕੀ ਵਾਪਰ ਰਿਹਾ ਹੈ, ਇਸ ਪਾਸੇ ਵੀ ਘੋਖ ਹੋ ਰਹੀ ਹੈ।

ਇੰਨ੍ਹਾਂ ਸਾਰੀਆਂ ਵਿਕਾਸਸ਼ੀਲ ਪਰਿਸਥਿਤੀਆਂ ਤੋਂ ਸਫੀਰ ਭਲੀਭਾਂਤ ਵਿਦਿਤ ਹੈ। ਉਸ ਦੇ ਮਾਨਵਤਾਵਾਦੀ ਚਿੰਤਨ ਦੇ ਪਿੱਛੇ ਇੰਨ੍ਹਾਂ ਸਮਸਤ ਗਤੀਆਂ ਦੀ ਪ੍ਰਕ੍ਰਿਆ ਨਿਰੰਤਰ ਜਾਰੀ ਹੈ। ਭੌਤਿਕ ਦਰਸ਼ਨ ਨੇ, ਖਾਸ ਕਰਕੇ ਮਾਰਕਸਵਾਦੀ ਦਰਸ਼ਨ ਨੇ, ਮਨੁੱਖ ਦੇ ਸਾਹਮਣੇ ਚਿਰਾਂ ਤੋਂ ਖੜੇ ਜਗਤ-ਜੀਵਨ ਸਬੰਧੀ ਪ੍ਰਸ਼ਨ ਚਿੰਨ੍ਹਾਂ ਨੂੰ ਆਪਣੇ ਦੰਦਾਤਮਕ ਭੌਤਿਕਵਾਦ ਦੇ ਨਵੇਂ ਸਿਧਾਂਤ ਹੇਠ ਨਜਿੱਠਣ ਦਾ ਯਤਨ ਕੀਤਾ ਹੈ। ਭੌਤਿਕਵਾਦੀ ਦ੍ਰਿਸ਼ਟੀ ਨੇ ਇਕ ਵਾਰ ਵਿਸ਼ਵ ਦੇ ਚਿਤਨਸ਼ੀਲ ਲੇਖਕਾਂ ਦਾ ਧਿਆਨ ਵਾਹੋਦਾਹੀ ਖਿਚਿਆ ਅਤੇ ਆਸਤਿਕ ਜਾਂ ਨਾਸਤਿਕ ਨੂੰ ਝੰਜੋੜਿਆ, ਉਨ੍ਹਾਂ ਦੀ ਸੋਚਣੀ ਤੇ ਕਥਨੀ ਵਿੱਚ ਨਵੇਂ ਸਮਾਜ ਦੀ ਇਸ ਮਾਰਕਸਵਾਦੀ ਵਿਆਖਿਆ ਦਾ ਪ੍ਰਭਾਵ ਸਫੀਰ ਜਿਹੇ ਸਮਾਜ ਧਰਮੀ ਕਵੀ ਤੇ ਪੈਦਾ ਆਵੱਸ਼ਕ ਸੀ।

ਮਾਰਕਸ ਦਾ ਸਾਮਵਾਦ, ਮਜ਼ਦੂਰਾਂ ਤੇ ਕਿਰਤੀਆਂ ਵੱਲ ਹਮਦਰਦੀ, ਜਥੇਬੰਦੀ, ਵਿਅਕਤੀ ਦਾ ਮਾਣ ਅਜੇਹੇ ਤੱਤ ਸਫੀਰ ਦੀਆਂ ਮਾਨਵਤਾਵਾਦੀ ਰਚਨਾਵਾਂ ਵਿੱਚ ਵਿਦਮਾਨ ਹਲ। ਪਰ ਉਹ ਇਸ ਦੇ ਅਨਾਤਮਵਾਦੀ ਸੁਰਾਂ ਨੂੰ ਕਬੂਲਣ ਤੋਂ ਅਸਮਰਥ ਰਿਹਾ ਹੈ। ਜਿਵੇਂ ਕਿ ਕਵੀ ਦੇ ਇੰਨ੍ਹਾਂ ਸਮਰੱਥ ਬੋਲਾਂ ਤੋਂ ਸਪਸ਼ਟ ਹੁੰਦਾ ਹੈ:

''ਕੌਣ ਕਹੇ ਧਰਮ ਦੀ ਅਫੀਮ ਵਿੱਚ ਹੋਸ਼ ਨਹੀਂ।
ਜੁਗ ਪਲਟਾਣ ਦਾ ਏਸ ਨੂੰ ਜੋਸ਼ ਨਹੀਂ।''

ਸਫੀਰ ਦੀ ਇਸ ਭਾਵਨਾ ਨੂੰ ਭਾਰਤੀ ਆਜ਼ਾਦੀ ਦੇ ਸੰਗ੍ਰਾਮ ਨੇ ਕਾਫੀ ਪ੍ਰੇਰਣਾ ਬਖਸ਼ੀ ਹੈ। ਆਜ਼ਾਦੀ ਲਈ ਪਰਾਧੀਨ ਦੇਸ਼ ਦੀ ਜੋ ਬਿਹਬਲਤਾ ਹੁੰਦੀ ਹੈ ਕਵੀ ਖੁਦ ਉਸ ਦੀ ਟੀਸ ਵਿਚੋਂ ਲੰਘਿਆ ਹੈ, ਉਸ ਦੀ ਤੜਪ ਤੋਂ ਉਸ ਦਾ ਖੂਨ ਖੋਲਿਆ ਹੈ। ਦੇਸ਼ ਦੀ ਮਿੱਟੀ ਵਿੱਚ ਉਸ ਨੇ ਸੋਇਨਾ ਡਿੱਠਾ ਹੈ। ਧਰਤੀ ਦਾ ਹਰ ਕਣ ਪਾਕ-ਪਵਿੱਤਰ ਲੱਗਾ ਹੈ ਅਤੇ ਭਾਰਤ ਦੀ ਆਜ਼ਾਦੀ ਤੇ ਸੁਫਨੇ ਉਸ ਦੀਆਂ ਅੱਖਾਂ ਅੱਗੇ ਲਟਕੇ ਹਨ। ਇਸ ਨਾਲ ਉਸ ਦੀ ਹਮਦਰਦੀ ਉਸ ਸਾਰੀ ਖ਼ਲਕਤ ਤਕ ਸਹਜ ਸੁਭਾ ਅਹਿਸਾਸ ਨੇ ਕਵੀ ਦਾ ਵਿਸ਼ਵ-ਵਿਆਪੀ ਅਹਿਸਾਸ ਪ੍ਰਬੁੱਧ ਕਰ ਦਿੱਤਾ। ਇਸ ਲਈ ਮਨੁੱਖੀ ਸਮੂਹ ਲਈ ਉਬਲੇ ਉਸ ਦੇ ਪ੍ਰਬਲ ਜਜ਼ਬੇ ਕਿਸੇ ਸੁਰ ਤੇ ਕਿਸੇ ਬੋਲ ਰਾਹੀਂ ਮੂਰਤੀਮੰਤ ਹੋਏ। ਇਨ੍ਹਾਂ ਭਾਵਨਾਵਾਂ ਦਾ ਅਸਰ 'ਰਕਤਬੂੰਦਾਂ' ਤਕ ਦੀਆਂ ਕਵਿਤਾਵਾਂ ਵਿੱਚ ਵਿਸ਼ੇਸ਼ ਜ਼ੋਰ ਨਾਲ ਉਘੜਦਾ ਵੇਖਿਆ ਜਾ ਸਕਦਾ ਹੈ।

ਸਫੀਰ ਦੀ ਸਮੂਹਵਾਦੀ ਮਾਨਵ-ਭਾਵਨਾ ਨੂੰ ਪ੍ਰੇਰਣਾ ਇਤਿਹਾਸ ਨੇ ਵੀ ਅਵੱਸ਼ ਦਿੱਤੀ ਹੈ। ਧਰਮ ਸਾਧਨਾ ਦੇ ਇਤਿਹਾਸ ਵਿੱਚ ਬੁੱਧ ਧਰਮ, ਈਸਾਈ ਧਰਮ ਤੇ ਸਿੱਖ ਧਰਮ ਅਜੇਹੇ ਸੰਪ੍ਰਦਾਇ ਹਨ ਜਿੰਨ੍ਹਾਂ ਦੀ ਗੁਣਾਵਲੀ ਸਫੀਰ ਦੀ ਕਰਤਾਰੀ ਸ਼ਕਤੀ (creative faculty) ਵਿੱਚ ਰਮ ਚੁੱਕੀ ਹੈ। ਸਿੱਖ ਧਰਤ ਉਸ ਦਾ ਇਸ਼ਕ ਹੈ, ਉਸ ਦਾ ਉੱਚਤਮ ਆਦਰਸ਼ ਹੈ। ਗੁਰੂ ਦਰਸ਼ਨ ਤੇ ਉਸ ਦੀ ਸਮਾਜਿਕਤਾ ਕਵੀ ਦੇ ਪ੍ਰੇਰਕ ਸ੍ਰੋਤ ਹਨ। ਸਿੱਖ ਧਰਮ ਦਾ 'ਸੰਗਤ' ਸਿਧਾਂਤ ਉਸ ਦੀ ਮਾਨਵਤਾਵਾਦੀ ਦ੍ਰਿਸ਼ਟੀ ਨੂੰ ਉਤਪੰਨ ਕਰਨ ਵਿੱਚ ਪਰਮ ਸਹਾਇਕ ਹੋਇਆ ਹੈ। 'ਸਰਬਤ ਦਾ ਭਲਾ' ਸਫੀਰ ਦਾ ਸ਼ਾਇਦ ਆਦਰਸ਼ ਮੂਲ ਮੰਤਰ ਹੈ। ਮਜ਼ਲੂਮਾਂ ਦੇ ਪ੍ਰਤੀ ਸੁਹਿਰਦਤਾ, ਲਤਾੜਿਆਂ ਲਈ ਸਹਾਨੁਭੂਤੀ, ਗੁਲਾਮਾਂ ਲਈ ਉਤਸ਼ਾਹ, ਆਜ਼ਾਦੀ ਲਈ ਕ੍ਰਾਂਤੀ ਅਤੇ ਸ੍ਵੈ-ਰੱਖਿਆ ਲਈ ਆਤਮ-ਬਲ ਇਹ ਸਾਰੇ ਤੱਤ ਸਫੀਰ ਨੂੰ ਗੁਰੂ ਗੋਬਿੰਦ ਸਿੰਘ ਦੇ ਚਿੰਤਨ ਤੇ ਜੀਵਨ 'ਚੋਂ ਮਿਲੇ ਹਨ।

ਇਸ ਲਈ ਸਫੀਰ ਵੀਹਵੀਂ ਸਦੀ ਦਾ ਬੌਧਿਕ ਜੀਵ ਹੁੰਦਾ ਹੋਇਆ ਵੀ 'ਸ਼ਾਸਤਰ ਤੇ ਸ਼ਸਤਰ ਦੋਹਾਂ ਦਾ ਉਪਾਸਕ ਹੈ। ਇਸ ਭਾਵਨਾ ਦੇ ਪ੍ਰਤੱਖ ਜਾਂ ਅਪ੍ਰਤੱਖ ਜੋਸ਼ ਅਧੀਨ ਕਵੀ ਨੇ ''ਇਹ ਹੈ ਕਿਲ੍ਹਾ ਆਨੰਦ ਗੜ੍ਹ'' ''ਅੰਮ੍ਰਿਤ ਬੂੰਦ'' ''ਆਨੰਦ ਪੁਰ ਦੀ ਗੱਦੀ ਤੋਂ,'' ਆਦਿ ਭਾਉ-ਪੂਰਣ (devotional) ਕਵਿਤਾਵਾਂ ਤੋਂ ਇਲਾਵਾ ਇਨਕਲਾਬੀ ਸੁਰ ਵੀ ਅੰਕਿਤ ਕੀਤੇ ਹਨ:-

ਇਨਕਲਾਬ ਸਰਸਬਜ਼ ਸੀ
ਤੱਕ ਤੱਕ ਆਪਣਾ ਰੂਪ।
ਸਰਗੁਣ ਸਮਰਥ ਵਿਚਰਦੇ
ਪਏ ਸਨ ਆਪ ਅਨੂਪ।

'ਨਾਨਕ-ਘਰ' ਦੀ ਇਤਿਹਾਸਿਕ ਸਾਂਝ ਉਸ ਨੂੰ 'ਬੁੱਧ ਧਰਮ' ਵਿੱਚ ਦਿਸਦੀ ਹੈ। ਦੋਵੇਂ ਇਨਕਲਾਬੀ ਸਨ, ਦੋਵੇਂ ਸੁਧਾਰਕ ਸਨ। ਬੁੱਧ ਧਰਮ ਵਿੱਚ 'ਤ੍ਰਿਸ਼ਰਣ' ਦਾ ਸਿਧਾਂਤ ਬਹਤੁ ਪ੍ਰਸਿੱਧ ਹੈ। 'ਬੁਧੰ ਸ਼ਰਣੰ ਗੱਛਾਮਿ'। 'ਸੰਘ' ਹੀ ਗੁਰੂ ਨਾਨਕ ਦੀ ਸੰਗਤ ਹੈ, ਗੁਰੂ ਗੋਬਿੰਦ ਸਿੰਘ ਦਾ ਖਾਲਸਾ ਹੈ। ਸੰਘ ਨੂੰ, ਸੰਗਤ ਨੂੰ, ਸਰਬੱਤ ਨੂੰ, ਸਮੂਹ ਨੂੰ, ਵਰਗ ਨੂੰ ਉਚਿਆਉਣਾ ਭਗਵਾਨ ਬੁਧ ਦੇ ਜੀਵਨ ਤੇ ਸਿਧਾਂਤ ਦਾ ਉਦੇਸ਼ ਸੀ। ਸਫੀਰ ਰਾਜਮੰਦਰਾਂ ਦੇ ਇਸ ਰਾਜ ਕੁਮਾਰ ਬੁੱਧ ਦੇ ਤਪਸਵੀ ਮੰਤਵ, ਲੋਕ-ਦਰਦੀ ਜੀਵਨ ਅਤੇ ਸੰਘ-ਸਿਧਾਂਤ ਤੋਂ ਪੂਰੀ ਤਰ੍ਹਾਂ ਮਸਰੂਰ ਹੈ।

ਸਫੀਰ ਦੇ ਕਾਵਿ ਵਿੱਚ ਭਗਵਾਨ ਬੁੱਧ ਸਬੰਧੀ ਪ੍ਰੋਏ ਹੋਏ ਸੰਕੇਤ ਕਵੀ ਦੀ ਸ਼ਰਧਾ ਦੇ ਲਖਾਇਕ ਹਨ। ਈਸਾ ਦਾ ਜੀਵਨ ਦੀ ਕਵੀ ਲਈ ਚਾਨਣ ਮੁਨਾਰਾ ਹੈ। ਲੋਕਤਾ ਲਈ ਹਜ਼ਰਤ ਈਸਾ ਵੱਲੋਂ ਕੀਤੀ ਹਮਦਰਦੀ ਸਾਡੇ ਕਵੀ ਦੇ ਮਰਮਾਂ ਨੂੰ ਹਰ ਸਮੇਂ ਟੁੰਬਦੀ ਰਹਿੰਦੀ ਹੈ। ਭਗਵਾਨ ਰਾਮ ਦਾ ਵੈਰਾਗੀ ਤੇ ਮਰਯਾਦਾ-ਭਰਪੂਰ ਜੀਵਨ ਵੀ ਕਵੀ ਦੀ ਪ੍ਰੇਰਣਾ ਹੈ। 'ਹਲਤ ਪਲਤ ਕੇ ਰਾਖੇ' ਕਵਿਤਾ ਵਿੱਚ ਸਫੀਰ ਦੀ ਉਪਰੋਕਤ ਸਾਂਝੀ ਭਾਵਨਾ ਦਾ ਸੰਕੇਤ ਸੁਲੱਭ ਹੈ:-

ਈਸਾ ਨਾਨਕ ਰਾਮ ਵਿੱਚ ਜੋ
ਹੈ ਸੀ ਬਰਕਤ ਪਾਈ
ਇਸ ਖਾਕੇ ਨੂੰ ਸਿੰਚ ਦਿਓ
ਤੁਸੀਂ ਆਪਣਾ ਨੂਰ ਰਮਾਓ

ਇਸ ਸਭ ਕੁਝ ਤੋਂ ਵੱਧ ਕਵੀ ਦਾ ਆਪਣਾ ਸੁਹਿਰਦ-ਭਾਵੀ ਆਪਾ ਹੈ ਜਿਸ ਦੇ ਸਾਂਚੇ ਵਿੱਚ ਢਲਕੇ ਹਰ ਕਥਨੀ ਤੇ ਕਰਨੀ ਮਾਨਵਤਾਵਾਦ ਦੇ ਰੰਗ ਵਿੱਚ ਰੰਗੀ ਗਈ ਹੈ। ਵੇਖਿਆ ਜਾਵੇ ਤਾਂ ਸਫੀਰ ਬੁਨਿਆਦੀ ਤੌਰ ਤੇ ਪ੍ਰਗਟ ਜਾਂ ਅਪ੍ਰਗਟ ਰੂਪ ਵਿੱਚ ਪਿਆਰ ਦਾ ਰਹੱਸ-ਕਵੀ ਹੈ। ਜਿਵੇਂ ਕਿ ਸੰਭਵ ਹੈ ਹਰ ਬੰਦੇ ਵਿਚੋਂ ਕਵਿਤ ਦਾ ਜਨਮ ਪਿਆਰ ਦੀ ਨਿੱਘ ਨਾਲ ਹੀ ਹੁੰਦਾ ਹੈ। ਪਰ ਕਵਿਤਾ ਦੇ ਵਿਕਾਸ ਨਾਲ ਪਿਆਰ ਦੇ ਪੰਧ ਬਦਲਦੇ ਜਾਂਦੇ ਹਨ। ਪਿਆਰ ਜਦੋਂ ਚੰਗ-ਸੁਹਜ ਦੇ ਉਦਾਲੇ ਸੀਮਿਤ ਹੁੰਦਾ ਹੈ ਤਾਂ ਵਾਸ਼ਨਾਵਾਦ ਪਨਪਦਾ ਹੈ, ਪਿਆਰ ਵਿੱਚ ਜਦੋਂ ਆਦਰਸ਼ ਦਾ ਮੇਲ ਹੁੰਦਾ ਹੈ। ਤਾਂ ਰੋਮਾਂਸਵਾਦ ਜਨਮਦਾ ਹੈ। ਇਸੇ ਪਿਆਰ ਵਿੱਚ ਜਦੋਂ ਸਮਾਜਿਕ ਸੁਹਿਰਦਤਾ ਮਿਲਦੀ ਹੈ ਤਾਂ 'ਮਾਨਵਤਾਵਾਦ' ਜਾਗਦਾ ਹੈ ਅਤੇ ਜਦੋਂ ਬੁੱਧੀ ਦੀ ਜਵਾਲਾ ਵਿੱਚ ਰੱਬੀ ਪਿਆਰ ਦਾ ਸੇਕ ਆ ਰਲਦਾ ਹੈ ਤਾਂ ਰਹੱਸਵਾਦ ਪ੍ਰਗਟਦਾ ਹੈ। ਪਿਆਰ ਦੇ ਇਸ ਬਹੁਪ੍ਰਭਾਵੀ ਕਰਮ ਨੂੰ ਹੀ ਸਾਹਮਣੇ ਰੱਖ ਕੇ ਸੰਸਕ੍ਰਿਤ ਆਲੋਚਕਾਂ ਨੇ ਰਤੀ, ਭਕਤੀ, ਵਤਸਲਤਾ, ਸ਼ਰਧਾ, ਆਦਿ ਪਿਆਰ ਦੇ ਵਿਭਿੰਨ ਰੂਪ ਕਿਮੇ ਹਨ। ਇਸ ਪੱਖ ਤੋਂ ਵੇਖਿਆ ਜਾਵੇ ਪਿਆਰ ਇਕ ਪ੍ਰਬਲ ਜਜ਼ਬਾ ਹੈ। ਪਰ

ਜਿਹੜੇ ਕਵੀ-ਸਾਧਕ ਇਸ ਉਤੇ 'ਸ਼ਊਰ ਦੀ ਕਾਠੀ' ਪਾ ਲੈਂਦੇ ਹਨ ਉਹ ਆਪਣੀ ਸਾਧਨਾ ਦੀ ਟੀਸੀ ਛੂਹ ਲੈਂਦੇ ਹਨ।

ਸਫੀਰ ਇਸ ਪੱਖ ਤੋਂ ਇਕ ਬੜਾ ਜਾਗਰੂਕ ਕਵੀ ਹੈ। ਇਸੇ ਵਿੱਚ ਹੀ ਉਸ ਦੇ ਮਾਨਵਤਾਵਾਦ ਦਾ ਸਾਰਾ ਵਿਕਾਸ ਉਲੇਖ-ਯੋਗ ਹੈ। ਮਨੁੱਖਤਾ ਦੀ ਘੋਖ ਪੜਤਾਲ ਤੋਂ ਲੈ ਕੇ ਚਮਤਕਾਰੀ ਕਾਵਿ-ਅਭਿਵਿਅਕਤੀ ਤਕ ਸਫੀਰ ਤੇ ਮਾਨਤਾਵਾਦ ਦੀ ਪ੍ਰਕ੍ਰਿਆ ਪਸਰੀ ਹੈ। ਇਸ ਪ੍ਰਕ੍ਰਿਆ ਦੇ ਤੱਤਾ ਦੇ ਅਧਿਐਨ ਨਾਲ ਕਵੀ ਦਾ ਮਾਨਵ-ਮੁਖੀ ਕਵਿ-ਪ੍ਰਤਿਭਾ ਦਾ ਪਰਿਚਯ ਮਿਲ ਸਕਦਾ ਹੈ।

ਜਿਵੇਂ ਕਿ ਉਪਰ ਵਿਚਾਰਿਆ ਗਿਆ ਹੈ ਕਿ ਕਵੀ ਨੇ ਆਪਦੇ ਸਮਕਾਲੀ ਸਮਾਜ ਦੀ ਅੰਦਰਲੀ ਤਸਵੀਰ ਬੜੇ ਚੁਭਵੇਂ ਕਟਾਕਸ਼ ਭਰਕੇ ਚਿੱਤਰੀ ਹੈ। ਅਧਿਆਤਮਿਕ ਲੋਰ ਵਿੱਚ ਵੀ ਉਹ ਸਮਾਜ ਦੀ ਭੈਦਾਇਕ ਤਸਵੀਰ ਨੂੰ ਪ੍ਰਸਤੁਤ ਕਰਨ ਤੋਂ ਨਹੀਂ ਉਕਦਾ। "ਫੇਰ ਅੱਜ ਆਉਣਾ ਇਕ ਵਾਰ" ਦੇ ਅਧਿਆਤਮਿਕ ਵਾਤਾਵਰਣ ਵਿੱਚ ਵੀ ਸਮਾਜ ਦਾ ਨਕਸ਼ਾ ਵੇਖੋ।

ਫੇਰ ਅਜ ਆਉਣਾ ਇਕ ਵਾਰ!
× × × × ਮੱਚ ਰਿਹਾ ਹੈ ਇਕ ਕੁਹਰਾਮ!!
ਖੂਨ ਦੇ ਪਿਆਸੇ ਹਨ
ਇਕ ਦੂਏ ਦੇ ਏਥੇ ਮਨੁੱਖ
ਸੱਚ ਹੋ ਗਿਆ ਗੁੰਮਾਨਾਮ!
ਧੋਖਿਆਂ ਦੀ ਦੁਨੀਆਂ ਵਿੱਚ
ਹਰ ਕਿਸੇ ਨੂੰ ਆਪਣਾ ਸੁਖ!

"ਰੂਪ ਰੇਖਾ" ਵਿੱਚ ਉਸ ਨੇ ਆਪਣਾ ਸਮਾਜ-ਦਰਸ਼ਨ ਭਾਰਤ ਦੇ ਇਤਿਹਾਸ ਦੀ ਨੀਂਹ ਉਤੇ ਉਸਾਰ ਦਿੱਤਾ ਹੈ। ਜਿਥੇ ਕਵੀ ਲੰਮੀ ਉਡਾਰੀ ਤੇ ਲੰਮੇ ਵਿਵਰਣ ਪਿਛੋਂ ਹਾਰ ਹੱਟ ਕੇ ਇਸ ਨਤੀਜੇ ਤੇ ਅਪੜਦਾ ਹੈ:

> "ਕੁਝ ਇਸ ਤਰ੍ਹਾਂ ਦੀ ਰੂਪ ਰੇਖਾ ਹੈ
> ਜਿਸ ਦੀਆਂ ਲਕੀਰਾਂ ਵਿਚ
> ਅਜੇ ਤਕ
> ਬਿਜਲੀਆਂ ਨ ਭਰੀਆਂ ਜਾ ਸਕੀਆਂ"

ਸਫੀਰ ਸਮਾਜ ਦੇ ਖੂਨੀ ਯਥਾਰਥ ਤੋਂ ਚਲ ਕੇ ਪਾਕ ਆਦਰਸ਼ ਤਕ ਅਪੜਦਾ ਹੈ। ਪਰ ਯਕਾਰਥ ਤੋਂ ਆਦਰਸ਼ ਤਕ ਇਕ ਲੰਮਾ ਪੈਂਡਾ ਹੈ, ਬਿਖਮ ਮਾਰਗ ਹੈ ਅਤੇ ਦੁਹੇਲਾ ਪੰਧ ਹੈ: ਮਨੁੱਖਤਾ ਨੂੰ ਕਵੀ ਦੇ ਆਦਰਸ਼ ਤਕ ਅਪੜਨ ਲਈ ਕਈ ਸਾਧਨ ਅਪਨਾਉਣੇ ਪੈਣਗੇ। ਇਨ੍ਹਾਂ ਵਿੱਚ ਕਵੀ ਸ਼ਾਂਤੀ ਤੇ ਕ੍ਰਾਂਤੀ, ਸੇਵਾ ਤੇ ਸੰਘਰਸ਼ ਕਈ ਸਾਧਨ ਸੁਲਝਾਉਂਦਾ ਹੈ। ਇਕ ਪਾਸਿਓ ਉਹ ਸ਼ਾਂਤੀ ਤੇ ਅਮਨ ਦੀ ਮੰਗ ਕਰਦਾ ਹੈ, ਦੂਜੇ ਪਾਸੇ ਕ੍ਰਾਂਤੀ, ਇਨਕਲਾਬ ਦਾ ਨਾਅਰਾ ਲਾਉਂਦਾ ਹੈ। ਜਰਵਾਣਿਆਂ ਵਲੋਂ ਮਜ਼ਲੂਮਾਂ ਉਤੇ ਜੋ ਅਤਿਆਚਾਰ ਹੋ ਰਹੇ ਹਨ, ਕਵੀ ਉਨ੍ਹਾਂ ਦੀ ਨਿਖੇਧੀ ਕਰਦਾ ਹੈ। ਇਤਿਹਾਸ ਦੇ ਅੰਤਰਾਲ ਵਿੱਚ ਕਵੀ ਲਹੂ-ਲੁਹਾਣ ਹੋਈ ਮਨੁਖਤਾ ਦੀ ਭੈਦਾਇਕ ਝਾਕੀ ਤਕਦਾਨਿਸ਼ਕਰਸ਼

ਸਫੀਰ ਦੀ ਕਵਿਤਾ ਵਿਚ ਪ੍ਰਗਤੀਵਾਦੀ ਵਿਚਾਰਾਂ ਬਾਰੇ ਕੀਤੇ ਗਏ ਉਪਰੋਕਤ ਵਿਸ਼ਲੇਸ਼ਣ ਨੂੰ ਨਿਸ਼ਕਰਸ਼ ਰੂਪ ਵਿਚ ਇਸ ਪ੍ਰਕਾਰ ਸਕੁੰਚਿਤ ਕੀਤਾ ਜਾ ਸਕਦਾ ਹੈ ਕਿ ਸਫੀਰ ਅੰਤਿਮ ਰੂਪ ਵਿਚ ਕਿਸੇ ਵਿਸ਼ੇਸ਼ ਵਿਚਾਰਧਾਰਾ ਨਾਲ ਪ੍ਰਤਿਬਧ ਨਹੀਂ ਉਸ ਦੇ ਵਿਚਾਰਾਂ ਵਿਚਲੀ ਮਿਥਕਤਾ ਉਸ ਉਪਰ ਕਈ ਮੋਹਰ ਲਾਉਣ ਦਾ ਭੁਲੇਖਾ ਪਾ ਦਿੰਦੀ ਹੈ। ਪ੍ਰੰਤੂ ਧਰਮਪਾਲ ਸਿੰਗਲਾ ਅਨੁਸਾਰ:-

"ਪ੍ਰੀਤਮ ਸਿੰਘ ਸਫੀਰ ਬਾਰੇ ਇਕ ਗਲ ਸਪਸ਼ਟ ਤੌਰ ਤੇ ਸਮਝ ਲੈਣੀ ਚਾਹੀਦੀ ਹੈ ਕਿ ਉਹ ਇਧਾਂਤਕ ਤੌਰ ਤੇ ਮਾਰਕਸਵਾਦ ਤੋਂ ਕਦੇ ਵੀ ਪ੍ਰਭਾਵਿਤ ਨਹੀਂ ਹੋਇਆ।"

(ਪ੍ਰੀਤਮ ਸਿੰਘ ਸਫੀਰ-ਇਕ ਅਧਿਐਨ ਪੰਨਾ 88)

"ਡਾ. ਪ੍ਰੇਮ ਸਿੰਘ ਪ੍ਰਕਾਸ਼ ਸਿੰਘ ਅਨੁਸਾਰ-

"ਸਫੀਰ ਦਾ ਸਮਾਜਵਾਦ ਸਿਧਾਂਤਵਾਦੀ ਨਹੀਂ ਯਾਨੀ ਪਦਾਰਥਵਾਦੀ ਸਿਧਾਂਤ ਦੇ ਧੁਰੇ ਉਦਾਲੇ ਨਹੀਂ ਘੁੰਮਦਾ.............ਸਫੀਰ ਦੇ ਸਮਾਜਵਾਦੀ ਕਾਵਿ ਵਿਚ ਆਤਮਕ ਜਾਂ ਅਨੁਭਵ ਦਾ ਮਿਸ਼ਰਣ ਹੈ। "

(ਪ੍ਰੀਤਮ ਸਿੰਘ ਸਫੀਰ ਦਾ ਕਾਵਿ-ਲੋਕ, ਪੰਨਾ 5)

**ਟਿੱਪਣੀਆਂ ਤੇ ਹਵਾਲੇ**

1. ਵਿਅੰਗ ਦੀ ਕਲਾ ਪੇਜ਼ ਨੰ: 10
2. ਵਿਅੰਗ ਪੇਜ਼ ਨੰ: 12
3. ਸਵਿਫਟ ਦੀ ਪਰਿਸ਼ਦ ਕੀਰਤ 'ਦ ਬੈਟਲ ਆੱਫ ਦ ਬੁੱਕਸ' ਦੀ ਭੂਮਿਕਾ ਪੇਜ਼ ਨੰ: 115